# ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

ਬੁੱਧਵਾਰ ਮਿਤੀ 13 ਮਾਰਚ, 2013 ਨੂੰ 2.30 ਵਜੇ ਬਾਅਦ ਦੁਪਹਿਰ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸੈਨੇਟ ਹਾਲ ਵਿਖੇ ਹੋਈ ਯੂਨੀਵਰਸਿਟੀ ਸੈਨੇਟ ਦੀ ਇੱਕਤਰਤਾ ਦੀ ਕਾਰਵਾਈ।

ਹਾਜ਼ਰ:-

1. ਡਾ. ਅ.ਸ. ਬਰਾੜ . . . (ਸਭਾਪਤੀ)
   ਉਪ-ਕੁਲਪਤੀ
2. ਡਾ. ਅਮਰਜੀਤ ਸਿੰਘ ਸਿੱਧੂ
3. ਡਾ. ਬਲਵਿੰਦਰ ਸਿੰਘ, ਕੈਮਿਸਟਰੀ ਵਿਭਾਗ
4. ਸ. ਬਲਵਿੰਦਰ ਸਿੰਘ, ਗੁਰੂ ਰਾਮਦਾਸ ਸਕੂਲ ਆਫ ਪਲਾਨਿੰਗ ਵਿਭਾਗ
5. ਡਾ. ਡੀ. ਐਨ. ਜੌਹਰ
6. ਡਾ. ਦਲਜੀਤ ਸਿੰਘ
7. ਡਾ. ਜੇ. ਐਸ. ਢਿੱਲੋਂ
8. ਸ. ਜਗਦੀਸ਼ ਸਿੰਘ
9. ਸ਼੍ਰੀ ਜੈਦੀਪ ਸਿੰਘ
10. ਸ਼੍ਰੀ ਕੇ.ਐਸ. ਬੈਂਸ ਪੱਦਮ ਸ਼੍ਰੀ , ਆਈ.ਏ.ਐਸ.(ਰਿਟਾ.)
11. ਸ਼੍ਰੀ ਕਮਲਪਾਲ ਸਿੰਘ ਰੰਧਾਵਾ
12. ਡਾ. ਮਹਿਮੂਦ ਮੀਆਂ
13. ਡਾ. ਨੀਲਮ ਸੇਠੀ
14. ਡਾ. ਨੀਨਾ ਰੋਜੀ ਕਾਹਲੋਂ
15. ਸ. ਨਾਨਕ ਸਿੰਘ
16. ਡਾ. ਪੀ.ਕੇ. ਸਹਿਜਪਾਲ
17. ਡਾ. ਪਰਮਜੀਤ ਕੌਰ
18. ਡਾ. ਸੁਖਦੇਵ ਸਿੰਘ
19. ਡਾ. ਸੁਲੱਖਣ ਸਿੰਘ
20. ਡਾ. ਸੁਖਦੇਵ ਸਿੰਘ ਖਾਹਰਾ
21. ਡਾ. ਸੁਖਦੇਵ ਸਿੰਘ ਸੋਹਲ
22. ਸ਼੍ਰੀਮਤੀ ਸੁਨੀਤਾ ਸਹਿਗਲ ਢਿੱਲੋਂ
23. ਪ੍ਰੋ. ਐਸ.ਐਸ. ਗਿੱਲ
24. ਡਾ. ਰਜਿੰਦਰਜੀਤ ਕੌਰ, . . . (ਸਕੱਤਰ)
    ਡੀਨ, ਅਕਾਦਮਿਕ ਮਾਮਲੇ

ਏਜੰਡਾ ਸ਼ੁਰੂ ਕਰਨ ਤੋਂ ਪਹਿਲਾਂ ਉਪ-ਕੁਲਪਤੀ ਸਾਹਿਬ ਨੇ ਸੈਨੇਟ ਦੀ ਇਕੱਤਰਤਾ ਵਿਚ ਸ਼ਾਮਲ ਹੋਣ 'ਤੇ ਸਮੂਹ ਮੈਂਬਰ ਸਾਹਿਬਾਨ ਨੂੰ 'ਜੀ ਆਇਆਂ' ਆਖਿਆ। ਉਨ੍ਹਾਂ ਸੈਨੇਟ ਦੇ ਪੁਰਾਣੇ ਮੈਂਬਰ ਸਾਹਿਬਾਨ - ਡਾ. ਪਰਮਿੰਦਰ ਕੌਰ, ਡਾ ਸਤਿੰਦਰ ਕੌਰ, ਸ਼੍ਰੀਮਤੀ ਨਿਰਮਲਜੀਤ ਕੌਰ ਗਰੇਵਾਲ ਅਤੇ ਸ. ਹਰਕਮਲਜੀਤ ਸਿੰਘ ਵੱਲੋਂ ਯੂਨੀਵਰਸਿਟੀ ਦੀ ਬਿਹਤਰੀ ਲਈ ਵੱਲੋਂ ਦਿੱਤੇ ਸਹਿਯੋਗ ਲਈ ਧੰਨਵਾਦ ਕੀਤਾ।ਉਨ੍ਹਾਂ ਦੱਸਿਆ ਕਿ ਨਵੀਂ ਸੈਨੇਟ ਉਤੇ ਸ਼੍ਰੀ ਅਸ਼ੋਕ ਅਗਰਵਾਲ, ਡਾ. ਸੁਖਦੇਵ ਸਿੰਘ, ਡਾ. ਮਹਿਮੂਦ ਮੀਆਂ, ਡਾ. ਜੇ.ਐਸ. ਢਿੱਲੋਂ, ਸ਼੍ਰੀਮਤੀ ਮੀਨਾ ਮਲਹੋਤਰਾ, ਸ. ਬਲਵਿੰਦਰ ਸਿੰਘ, ਸ. ਜਤਿੰਦਰ ਸਿੰਘ ਬੱਗਾ, ਸ. ਤੇਜਬੀਰ ਸਿੰਘ, ਪ੍ਰੋ. ਐਸ.ਐਸ. ਗਿੱਲ, ਪ੍ਰੋ. ਬਲਦੇਵ ਸਿੰਘ ਢਿੱਲੋਂ ਅਤੇ ਸ਼੍ਰੀ ਅਰੁਣ ਕੁਮਾਰ ਗਰੋਵਰ ਦੀ ਨਵੇਂ ਮੈਂਬਰਾਂ ਵਜੋਂ ਨਿਯੁਕਤੀ ਹੋਈ ਹੈ।ਉਨ੍ਹਾਂ ਆਸ ਪ੍ਰਗਟ ਕੀਤੀ ਕਿ ਉਹ ਯੂਨੀਵਰਸਿਟੀ ਦੀ ਬਿਹਤਰੀ ਲਈ ਆਪਣੇ ਵੱਡਮੁੱਲੇ ਸੁਝਾਅ ਅਤੇ ਸਹਿਯੋਗ ਦੇਂਦੇ ਰਹਿਣਗੇ।

ਉਪ-ਕੁਲਪਤੀ ਸਾਹਿਬ ਨੇ ਦੱਸਿਆ ਕਿ ਰਜਿਸਟਰਾਰ - ਡਾ. ਇੰਦਰਜੀਤ ਸਿੰਘ ਨੇ ਆਪਣੀ ਅੱਖ ਦਾ ਆਪਰੇਸ਼ਨ ਕਰਵਾਇਆ ਹੈ, ਜਿਸ ਕਾਰਣ ਉਹ ਅੱਜ ਇਕੱਤਰਤਾ ਵਿਚ ਹਾਜ਼ਰ ਨਹੀਂ ਹੋ ਸਕੇ।ਇਸ ਲਈ ਏਜੰਡਾ ਡਾ. ਰਜਿੰਦਰਜੀਤ ਕੌਰ ਪਵਾਰ, ਡੀਨ ਅਕਾਦਮਿਕ ਮਾਮਲੇ ਵੱਲੋਂ ਪੜ੍ਹਿਆ ਜਾਵੇਗਾ।

ਉਪਰੰਤ ਏਜੰਡੇ 'ਤੇ ਕਾਰਵਾਈ ਸ਼ੁਰੂ ਹੋਈ।

**ਸੈਨੇਟ ਦੀ ਇੱਕਤਰਤਾ ਮਿਤੀ 4.9.2012 ਦੀ ਕਾਰਵਾਈ ਦੀ ਪੁਸ਼ਟੀ।**

1. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸੈਨੇਟ ਦੀ ਇੱਕਤਰਤਾ ਮਿਤੀ 4.9.2012 ਦੀ ਕਾਰਵਾਈ ਦੀ ਪੁਸ਼ਟੀ ਕੀਤੀ ਜਾਂਦੀ ਹੈ।

**ਸੈਨੇਟ ਦੀ ਇੱਕਤਰਤਾ ਮਿਤੀ 4.9.2012 ਦੇ ਨਿਰਣਿਆਂ ਤੇ ਕੀਤੀ ਕਾਰਵਾਈ ਨੋਟ ਕੀਤੀ ਗਈ।**

2. ਸੈਨੇਟ ਦੀ ਇੱਕਤਰਤਾ ਮਿਤੀ 4.9.2012 ਦੇ ਨਿਰਣਿਆਂ ਤੇ ਕੀਤੀ ਕਾਰਵਾਈ (**ਅੰਤਿਕਾ** ਅਨੁਸਾਰ) ਨੋਟ ਕੀਤੀ ਗਈ।

ਮਾਲੀ ਸਾਲ 2013-14 ਦੇ ਬੱਜਟ ਅਨੁਮਾਨਾਂ ਦੀ ਪਰਵਾਨਗੀ।

3. ਮਾਲੀ ਸਾਲ 2013-14 ਲਈ ਯੂਨੀਵਰਸਿਟੀ ਦੇ ਬੱਜਟ ਅਨੁਮਾਨ ਆਦਿ (**ਅੰਤਿਕਾ** ਅਨੁਸਾਰ) ਉਤੇ ਵਿਚਾਰ ਹੋਈ।

ਡੀਨ ਅਕਾਦਮਿਕ ਮਾਮਲੇ ਨੇ ਮਾਲੀ ਸਾਲ 2013-14 ਦੇ ਬੱਜਟ ਅਨੁਮਾਨਾਂ ਸਬੰਧੀ ਵੇਰਵਾ ਦਿੱਤਾ। ਇਸ ਸਬੰਧੀ ਮੈਂਬਰ ਸਾਹਿਬਾਨ ਨੂੰ ਹੇਠ ਲਿਖੇ ਅਨੁਸਾਰ ਨੋਟ ਪੇਸ਼ ਕੀਤਾ ਗਿਆ:-

**ਸਾਲ 2012-13 ਦਾ ਲੇਖਾ ਜੋਖਾ**

ਸਾਲ 2012-13 ਦਾ ਮੂਲ ਬਜਟ 9 ਕਰੋੜ 1 ਲੱਖ 33 ਹਜ਼ਾਰ ਰੁਪਏ ਦੀ ਪਲੱਸ ਮੁਢਲੀ ਬਕਾਇਆ ਨਾਲ ਸ਼ੁਰੂ ਕੀਤਾ ਗਿਆ ਸੀ, ਜਦਕਿ ਇਸੇ ਸਾਲ ਦੇ ਸੋਧੇ ਬਜਟ ਅਨੁਮਾਨ ਵਿਚ ਪਲੱਸ ਮੁਢਲੀ ਬਕਾਇਆ ਵਧ ਕੇ 74 ਕਰੋੜ 70 ਲੱਖ 72 ਹਜ਼ਾਰ ਰੁਪਏ ਹੋਵੇਗਾ। ਸਾਲ 2012-13 ਦਾ ਮੂਲ ਬਜਟ 263 ਕਰੋੜ 81 ਲੱਖ 27 ਹਜ਼ਾਰ ਰੁਪਏ ਦਾ ਪੇਸ਼ ਕੀਤਾ ਗਿਆ ਸੀ, ਜੋ ਕਿ ਸੋਧੇ ਬਜਟ ਅਨੁਮਾਨਾਂ ਵਿਚ ਘਟਾ ਕੇ 219 ਕਰੋੜ 81 ਲੱਖ 89 ਹਜਾਰ ਰੁਪਏ ਕਰ ਦਿੱਤਾ ਗਿਆ ਹੈ, ਤਾਂ ਜੋ ਅਗਲੇ ਸਾਲ ਦੇ ਵਧੇ ਹੋਏ ਖਰਚਿਆਂ ਦੀ ਪੂਰਤੀ ਲਈ ਵੱਧ ਤੋਂ ਵੱਧ ਰਾਸ਼ੀ ਉਪਲਬਧ ਹੋ ਸਕੇ। ਇਸ ਸਾਲ ਪੰਜਾਬ ਸਰਕਾਰ ਵਲੋਂ ਬਤੌਰ ਰੈਗੂਲਰ ਗ੍ਰਾਂਟ 35 ਕਰੋੜ 54 ਲੱਖ 85 ਹਜ਼ਾਰ ਰੁਪਏ ਦੀ ਗ੍ਰਾਂਟ ਪ੍ਰਾਪਤ ਹੋਵੇਗੀ ਅਤੇ ਟੀਚਿੰਗ ਸਟਾਫ ਦੇ ਸੋਧੇ ਹੋਏ ਤਨਖਾਹ ਸਕੇਲਾਂ ਦੇ ਬਣਦੇ ਬਕਾਏ ਦੀ ਅਦਾਇਗੀ ਹਿੱਤ 26 ਕਰੋੜ 43 ਲੱਖ ਰੁਪਏ ਪ੍ਰਾਪਤ ਹੋਣ ਦੀ ਆਸ ਹੈ। ਯੂਨੀਵਰਸਿਟੀ ਦੇ ਆਪਣੇ ਵਸੀਲਿਆਂ ਤੋਂ ਪ੍ਰਾਪਤ ਹੋਣ ਵਾਲੀ ਆਮਦਨ 103 ਕਰੋੜ 23 ਲੱਖ 5 ਹਜਾਰ ਦਾ ਅੰਦਾਜਾ ਲਗਾਇਆ ਗਿਆ ਸੀ ਜਦਕਿ ਸੋਧੇ ਅਨੁਮਾਨਾਂ ਵਿਚ ਪ੍ਰਾਪਤ ਹੋਣ ਵਾਲੀ ਆਮਦਨ 150 ਕਰੋੜ 93 ਲੱਖ 6 ਹਜ਼ਾਰ ਰੁਪਏ ਹੋਣ ਦੀ ਆਸ ਹੈ। ਇਸ ਤਰ੍ਹਾਂ ਸਾਲ 2012-13 ਦੌਰਾਨ ਆਮਦਨ ਵਿਚ ਤਕਰੀਬਨ 48 ਕਰੋੜ ਰੁਪਏ ਦਾ ਵਾਧਾ ਅਤੇ ਖਰਚੇ ਵਿਚ ਤਕਰੀਬਨ 44 ਕਰੋੜ ਰੁਪਏ ਦੀ ਕਮੀ ਕਰਦਿਆਂ ਹੋਇਆਂ ਸਾਲ 2012-13 ਦੇ ਬਜਟ ਦਾ ਅੰਤ 67 ਕਰੋੜ 99 ਲੱਖ 74 ਹਜ਼ਾਰ ਰੁਪਏ ਦੀ ਵਾਫਰ ਰਕਮ ਨਾਲ ਕੀਤਾ ਗਿਆ ਹੈ।

**ਸਾਲ 2013-14 ਦੇ ਬਜਟ ਅਨੁਮਾਨ**

ਸਾਲ 2013-14 ਦਾ ਬਜਟ 67 ਕਰੋੜ 99 ਲੱਖ 74 ਹਜ਼ਾਰ ਰੁਪਏ ਦੀ ਵਾਫਰ ਰਕਮ ਨਾਲ ਸ਼ੁਰੂ ਹੁੰਦਾ ਹੈ। ਸਾਲ 2013-14 ਦੌਰਾਨ ਪ੍ਰਵਾਨਿਤ ਅਸਾਮੀਆਂ ਦੀ ਸੈਲਰੀ ਦਾ ਅਨੁਮਾਨਤ ਖਰਚਾ 143 ਕਰੋੜ ਰੁਪਏ ਸਲਾਨਾ ਦਾ ਹੋਵੇਗਾ। ਵਧੇ ਹੋਏ ਤਨਖਾਹ ਸਕੇਲ ਦੇ ਬਣਦੇ ਬਕਾਏ ਦੀ ਅਦਾਇਗੀ ਹਿੱਤ ਟੀਚਿੰਗ ਸਟਾਫ ਲਈ 26 ਕਰੋੜ 43 ਲੱਖ ਰੁਪਏ, ਨਾਨ-ਟੀਚਿੰਗ ਸਟਾਫ ਦੇ ਬਣਦੇ ਬਕਾਏ ਦੀ ਤੀਸਰੀ ਕਿਸ਼ਤ ਦੀ ਅਦਾਇਗੀ ਅਤੇ ਮਹਿੰਗਾਈ ਭੱਤੇ ਅਤੇ ਹੋਰ ਭੱਤਿਆਂ ਵਿਚ ਹੋਣ ਵਾਲੇ ਵਾਧੇ ਲਈ 12 ਕਰੋੜ ਰੁਪਏ ਦੀ ਵਿਵਸਥਾ ਬਜਟ ਵਿਚ ਕੀਤੀ ਗਈ ਹੈ। ਕੁਲ ਮਿਲਾ ਕੇ ਖਰਚੇ ਦੀ ਰਕਮ 284 ਕਰੋੜ 77 ਲੱਖ 7 ਹਜ਼ਾਰ ਰੁਪਏ ਹੋਵੇਗੀ।

ਸਾਲ 2013-14 ਦੌਰਾਨ ਪੰਜਾਬ ਸਰਕਾਰ ਵਲੋਂ 35 ਕਰੋੜ 54 ਲੱਖ 85 ਹਜ਼ਾਰ ਰੁਪਏ ਦੀ ਮੇਨਟੀਨੈਂਸ ਗ੍ਰਾਂਟ ਪ੍ਰਾਪਤ ਹੋਵੇਗੀ। ਗ੍ਰਾਂਟ ਅਤੇ ਫੀਸਾਂ ਆਦਿ ਤੋਂ ਪ੍ਰਾਪਤ ਹੋਣ ਵਾਲੀ 136 ਕਰੋੜ 40 ਲੱਖ 62 ਹਜ਼ਾਰ ਰੁਪਏ ਦੀ ਆਮਦਨ ਨੂੰ ਮਿਲਾ ਕੇ ਕੁਲ 181 ਕਰੋੜ 95 ਲੱਖ 47 ਹਜ਼ਾਰ ਰੁਪਏ ਦੀ ਆਮਦਨ ਹੋਣ ਦਾ ਅਨੁਮਾਨ ਹੈ। ਇਸ ਤਰ੍ਹਾਂ ਸਾਲ 2013-14 ਦਾ ਬਜਟ 34 ਕਰੋੜ 81 ਲੱਖ 86 ਹਜ਼ਾਰ ਰੁਪਏ ਦੇ ਘਾਟੇ ਨਾਲ ਹੋਣ ਦਾ ਅਨੁਮਾਨ ਹੈ। ਇਸ ਘਾਟੇ ਦੀ ਪੂਰਤੀ ਹਿੱਤ ਇਹ ਕੋਸ਼ਿਸ਼ ਕੀਤੀ ਜਾਵੇਗੀ ਕਿ ਵੱਖ-ਵੱਖ ਮੱਦਾਂ ਅਧੀਨ ਖਰਚਾ ਇਸ ਸਾਲ ਦੌਰਾਨ ਪ੍ਰਾਪਤ ਹੋਣ ਵਾਲੀ ਆਮਦਨ ਦੀ ਅਸਲ ਰਕਮ ਨੂੰ ਸਾਹਮਣੇ ਰੱਖ ਕੇ ਕੀਤਾ ਜਾਵੇ।

ਸਾਲ 2013-14 ਦੇ ਬਜਟ ਅਨੁਮਾਨ ਦੀ ਕੁਲ 284 ਕਰੋੜ 77 ਲੱਖ 7 ਹਜ਼ਾਰ ਰੁਪਏ ਦੀ ਰਾਸ਼ੀ ਵਿਚੋਂ ਕੀਤੇ ਜਾਣ ਵਾਲੇ ਖਰਚ ਦਾ ਪ੍ਰਤੀਸ਼ਤ ਇਸ ਤਰ੍ਹਾਂ ਹੋਵੇਗਾ:-

| | |
|---|---|
| 1) ਅਧਿਆਪਨ, ਅਲਾਈਡ ਅਧਿਆਪਨ, ਖੋਜ ਅਤੇ ਸਿਖਿਆ ਦਾ ਸੁਧਾਰ | 56.17% |
| 2) ਨਾਨ-ਟੀਚਿੰਗ ਵਿਭਾਗ (ਹੋਸਟਲ, ਪਬਲੀਕੇਸ਼ਨ, ਐਸਟੇਟ, ਉਸਾਰੀ, ਐਨ.ਐਸ.ਐਸ., ਲੈਂਡਸਕੇਪ, ਗੈਸਟ, ਹਾਊਸ, ਲੋਕ ਸੰਪਰਕ, ਸਿਹਤ ਕੇਂਦਰ) | 9.61% |
| 3) ਜਨਰਲ ਐਡਮਿਨੀਸਟਰੇਸ਼ਨ | 13.34% |
| 4) ਪ੍ਰੀਖਿਆਵਾਂ ਦਾ ਸੰਚਾਲਨ | 4.52% |
| 5) ਆਮ ਮੱਦਾਂ (ਟੀਚਿੰਗ ਅਤੇ ਨਾਨ-ਟੀਚਿੰਗ) (ਸੇਵਾ-ਮੁਕਤੀ ਲਾਭ, ਵਹੀਕਲਜ਼, ਪ੍ਰਿੰਟਿੰਗ, ਲੀਗਲ ਖਰਚੇ, ਪੀ.ਏ.ਬੀ.ਐਕਸ., ਐਡਵਰਟਾਈਜ਼ਮੈਂਟ, ਇਨਸ਼ੋਰੈਂਸ, ਵਿਭਾਗਾਂ ਦਾ ਆਧੁਨੀਕਰਨ) | 13.55% |
| 6) ਇਮਾਰਤਾਂ ਦੀ ਉਸਾਰੀ | 2.81% |

ਸਾਲ 2012-13 ਦੌਰਾਨ ਹੋਣਹਾਰ ਅਤੇ ਲੋੜਵੰਦ ਵਿਦਿਆਰਥੀਆਂ ਦੀ ਆਰਥਿਕ ਮਦਦ ਲਈ 4 ਕਰੋੜ ਰੁਪਏ ਦੀ ਫੀਸ ਰਿਫੰਡ ਕੀਤੀ ਗਈ ਹੈ ਜਾਂ ਕਨਸੈਸ਼ਨ ਵਜੋਂ ਦਿੱਤੇ ਗਏ ਹਨ। ਇਸ ਤੋਂ ਇਲਾਵਾ ਸਕਾਲਰਸ਼ਿਪ ਵਜੋਂ ਅਤੇ ਅਪਾਹਿਜ ਵਿਦਿਆਰਥੀਆਂ ਦੀ ਮਦਦ ਹਿੱਤ 24 ਲੱਖ ਰੁਪਏ ਦੀ ਰਾਸ਼ੀ ਰਲੀਜ਼ ਕੀਤੀ ਜਾ ਰਹੀ ਹੈ। ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਦੀ ਅਦਾਇਗੀ ਕਰਵਾਉਣ ਲਈ 2 ਕਰੋੜ 92 ਲੱਖ ਰੁਪਏ ਦੀ ਰਕਮ ਦੇ ਕਲੇਮ ਪੰਜਾਬ ਸਰਕਾਰ ਨੂੰ ਭੇਜੇ ਜਾ ਚੁੱਕੇ ਹਨ। ਕਾਲਜ ਵਿਦਿਆਰਥੀਆਂ ਨੂੰ ਸਪੋਰਟਸ ਅਤੇ ਕਲਚਰਲ ਗਤੀਵਿਧੀਆਂ ਵਿਚ ਵੱਧ ਤੋਂ ਵੱਧ ਭਾਗ ਲੈਣ ਲਈ ਉਤਸ਼ਾਹਿਤ ਕਰਨ ਲਈ ਖਿਡਾਰੀ ਅਤੇ ਕੋਚ ਦੇ ਮਾਨ-ਭੱਤੇ, ਡੀ.ਏ. ਅਤੇ ਡਾਈਟ ਦੀਆਂ ਦਰਾਂ ਵਿਚ ਵਾਧਾ ਕੀਤਾ ਜਾ ਰਿਹਾ ਹੈ। ਪਿਛਲੇ ਸਾਲ ਦੀ ਤਰ੍ਹਾਂ ਇਸ ਸਾਲ ਦੌਰਾਨ ਵੀ ਵੱਧ ਤੋਂ ਵੱਧ ਯੁਵਕ ਮੇਲੇ ਅਤੇ ਖੇਡ ਮੁਕਾਬਲੇ ਆਯੋਜਿਤ ਕਰਕੇ ਵਿਦਿਆਰਥੀਆਂ ਨੂੰ ਸ਼ੀਲਡ ਅਤੇ ਬਲੇਜ਼ਰ ਆਦਿ ਤੋਂ ਇਲਾਵਾ ਦਿੱਤੇ ਜਾਂਦੇ ਨਕਦ ਪੁਰਸਕਾਰਾਂ ਵਿਚ ਵੀ ਵਾਧਾ ਕੀਤਾ ਜਾ ਰਿਹਾ ਹੈ। ਇਸ ਤੋਂ ਛੁੱਟ ਤਕਰੀਬਨ ਹਰੇਕ ਵਿਭਾਗ ਵਲੋਂ ਵਿਦਿਆਰਥੀਆਂ ਲਈ ਵਿਦਿਅਕ ਟੂਰ ਕਰਵਾਏ ਜਾਣ ਦੇ ਨਾਲ ਨਾਲ ਸਮੇਂ ਸਮੇਂ ਤੇ ਸੈਮੀਨਾਰ ਅਤੇ ਕਾਨਫਰੰਸਾਂ ਦਾ ਆਯੋਜਨ ਕਰਕੇ ਦੂਰ-ਦੂਰ ਤੋਂ, ਇੱਥੋਂ ਤੱਕ ਕੇ ਵਿਦੇਸ਼ਾਂ ਤੋਂ ਵੀ ਸਬੰਧਤ ਵਿਸ਼ੇ ਦੇ ਵਿਦਿਅਕ ਮਾਹਿਰ ਬੁਲਾ ਕੇ ਵਿਦਿਆਰਥੀਆਂ ਨੂੰ ਇਨ੍ਹਾਂ ਮਾਹਿਰਾਂ ਨਾਲ ਆਪਣੇ ਵਿਚਾਰ ਸਾਂਝੇ ਕਰਨ ਦਾ ਮੌਕਾ ਦਿੱਤਾ ਜਾਂਦਾ ਹੈ।

ਗਿਆਰਵੇਂ ਪਲਾਨ ਦੌਰਾਨ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਵਲੋਂ ਇਸ ਯੂਨੀਵਰਸਿਟੀ ਲਈ ਪ੍ਰਵਾਨਿਤ "University with Potential for Excellence" ਸਕੀਮ ਅਧੀਨ ਪ੍ਰਵਾਨ ਕੀਤੀ ਗਈ 50 ਕਰੋੜ ਰੁਪਏ ਦੀ ਗ੍ਰਾਂਟ ਵਿਚੋਂ 30 ਕਰੋੜ ਰੁਪਏ ਦੀ ਗ੍ਰਾਂਟ ਵਸੂਲ ਹੋ ਚੁੱਕੀ ਹੈ। ਇਸ ਗ੍ਰਾਂਟ ਦੀ ਸਾਰੀ ਦੀ ਸਾਰੀ ਰਕਮ ਸਿਰਫ ਰਿਸਰਚ ਦੇ ਕੰਮ ਤੇ ਇਸਤੇਮਾਲ ਕੀਤੀ ਜਾਵੇਗੀ। ਯੂਨੀਵਰਸਿਟੀ ਨੂੰ University with Potential for Excellence ਦਾ status ਪ੍ਰਾਪਤ ਹੋਣ ਕਰਕੇ ਯੂਨੀਵਰਸਿਟੀ ਦੇ 276 ਫੁਲ-ਟਾਈਮ Non-NET qualified Ph.D. ਅਤੇ M.Phil. ਸਕਾਲਰਰਜ਼ ਜਿਨ੍ਹਾਂ ਨੂੰ ਯੂਨੀਵਰਸਿਟੀ ਵਲੋਂ ਹੋਰ ਕੋਈ ਵੀ ਫੈਲੋਸ਼ਿਪ ਨਹੀਂ ਦਿੱਤੀ ਜਾ ਰਹੀ ਹੈ, ਨੂੰ ਕ੍ਰਮਵਾਰ 8000 ਅਤੇ 5000 ਰੁਪਏ ਪ੍ਰਤੀ ਮਹੀਨਾ ਦੀ ਫੈਲੋਸ਼ਿਪ ਦਿੱਤੀ ਜਾਣੀ ਹੈ, ਜਿਸ ਦਾ 1 ਕਰੋੜ 45 ਲੱਖ 87 ਹਜ਼ਾਰ ਰੁਪਏ ਦਾ ਕਲੇਮ ਯੂ.ਜੀ.ਸੀ. ਨੂੰ ਭੇਜਿਆ ਜਾ ਚੁੱਕਾ ਹੈ। ਵੱਖ-ਵੱਖ ਸਕੀਮਾਂ ਅਧੀਨ ਇਸ ਸਮੇਂ ਤਕਰੀਬਨ 600 ਵਿਦਿਆਰਥੀ ਵੱਖ-ਵੱਖ ਵਿਸ਼ਿਆਂ ਨਾਲ ਸਬੰਧਤ ਰਿਸਰਚ ਦੇ ਕੰਮ ਵਿਚ ਰੁੱਝੇ ਹੋਏ ਹਨ। ਇਸ ਕੰਮ ਵਿਚ ਆਧੁਨਿਕਤਾ ਲਿਆਉਣ ਦੇ ਮੰਤਵ ਨਾਲ ਕਰੋੜਾਂ ਰੁਪਏ ਦੀ ਲਾਗਤ ਨਾਲ ਯੰਤਰਾਂ ਦੀ ਖਰੀਦ ਕੀਤੀ ਜਾ ਰਹੀ ਹੈ ਅਤੇ ਇਹ ਸਾਰੇ ਯੰਤਰ ਕਿਸੇ ਇਕ ਵਿਭਾਗ ਵਿਚ ਲਗਾਉਣ ਦੀ ਬਜਾਏ ਇਕ ਵੱਖਰੀ ਇਮਾਰਤ ਵਿਚ ਇਨਸਟਾਲ ਕੀਤੇ ਜਾ ਰਹੇ ਹਨ, ਤਾਂ ਜੋ ਵੱਖ-ਵੱਖ ਫੀਲਡਾਂ ਅਤੇ ਵਿਭਾਗਾਂ ਨਾਲ ਸਬੰਧਤ ਖੋਜਾਰਥੀਆਂ, ਟੀਚਰਾਂ ਅਤੇ ਵਿਦਿਆਰਥੀਆਂ ਦੀ ਪਹੁੰਚ ਇਨ੍ਹਾਂ ਤੱਕ ਹੋ ਸਕੇ।

ਪੰਜਾਬ ਸਰਕਾਰ ਵਲੋਂ ਇਸ ਯੂਨੀਵਰਸਿਟੀ ਨੂੰ ਅਲਾਟ ਕੀਤੇ ਗਏ ਚਾਰ ਸਰਕਾਰੀ ਸਹਾਇਤਾ ਪ੍ਰਾਪਤ ਕਾਂਸਟੀਚੂਐਂਟ ਕਾਲਜਾਂ ਲਈ ਸਾਲ 2011-12 ਦੌਰਾਨ ਪ੍ਰਾਪਤ ਹੋਈ 75 ਲੱਖ ਰੁਪਏ ਪ੍ਰਤੀ

ਕਾਲਜ ਦੀ ਗ੍ਰਾਂਟ ਦੀ ਰਾਸ਼ੀ ਦਾ ਇਸਤੇਮਾਲ ਸੰਕੋਚ ਨਾਲ ਕਰਦਿਆਂ ਹੋਇਆਂ ਇਨ੍ਹਾਂ ਕਾਲਜਾਂ ਵਿਚ ਪੜ੍ਹਾਈ ਦਾ ਕੰਮ ਸ਼ੂਰੂ ਹੋ ਚੁੱਕਾ ਹੈ ਜੋ ਕਿ ਸਫਲਤਾਪੂਰਵਕ ਕਾਲਜ ਸਟਾਫ ਵਲੋਂ ਨਿਭਾਇਆ ਜਾ ਰਿਹਾ ਹੈ, ਹਾਲਾਂਕਿ ਇਹ ਕਾਲਜ ਬਹੁਤ ਮੁਸ਼ਕਲ ਪਹੁੰਚ ਵਾਲੇ ਸਥਾਨਾਂ ਤੇ ਸਥਾਪਿਤ ਕੀਤੇ ਗਏ ਹਨ। ਇਨ੍ਹਾਂ ਚਾਰਾਂ ਕਾਲਜਾਂ ਵਿਚ ਇਸ ਸਮੇਂ 4200 ਦੇ ਕਰੀਬ ਵਿਦਿਆਰਥੀ ਵੱਖ-ਵੱਖ ਕੋਰਸਾਂ ਵਿਚ ਬਹੁਤ ਹੀ ਸਸਤੀ ਦਰਾਂ ਤੇ ਪੜ੍ਹਾਈ ਕਰ ਰਹੇ ਹਨ। ਇਨ੍ਹਾਂ ਵਿਚੋਂ ਬਹੁਤੇ ਵਿਦਿਆਰਥੀ ਤਾਂ ਅਜਿਹੇ ਹਨ ਜਿਨ੍ਹਾਂ ਦੇ ਮਾਤਾ ਪਿਤਾ ਨੇ ਆਪਣੀ ਮਾਲੀ ਸਥਿਤੀ ਕਾਰਨ ਆਪਣੇ ਬੱਚਿਆਂ ਨੂੰ ਕਾਲਜ ਦਾਖਲ ਕਰਵਾਉਣ ਲਈ ਸੋਚਿਆ ਵੀ ਨਹੀਂ ਹੋਵੇਗਾ। ਯੂਨੀਵਰਸਿਟੀ ਕਾਲਜ, ਵੇਰਕਾ ਵਿਚ ਦਾਖਲ ਹੋਏ 2000 ਤੋਂ ਵੱਧ ਵਿਦਿਆਰਥੀਆਂ ਦੀ ਗਿਣਤੀ ਨੂੰ ਸਾਹਮਣੇ ਵੇਖਦਿਆਂ ਹੋਇਆਂ ਇਸ ਸਾਲ ਦੌਰਾਨ ਕਾਲਜ ਦੀ ਇਮਾਰਤ ਵਿਚ ਵਾਧਾ ਕਰਨ ਦੀ ਤਜ਼ਵੀਜ਼ ਹੈ। ਕਲਾਸਾਂ ਵਧਣ ਦੇ ਨਾਲ ਨਾਲ ਹਰ ਸਾਲ ਵਿਦਿਆਰਥੀਆਂ ਦੀ ਗਿਣਤੀ ਵਿਚ ਵਾਧਾ ਹੁੰਦਾ ਜਾਵੇਗਾ। ਸਾਲ 2012-13 ਦੇ ਸੋਧੇ ਬਜਟ ਅਨੁਮਾਨ ਵਿਚ ਆਸ ਹੈ ਕਿ ਸਰਕਾਰ ਪਾਸੋਂ 75 ਲੱਖ ਰੁਪਏ ਪ੍ਰਤੀ ਕਾਲਜ ਦੇ ਹਿਸਾਬ ਨਾਲ ਗ੍ਰਾਂਟ ਪ੍ਰਾਪਤ ਹੋ ਜਾਵੇਗੀ। ਇਨ੍ਹਾਂ ਚਾਰ ਕਾਲਜਾਂ ਤੋਂ ਛੁੱਟ ਸਰਕਾਰੀ ਕਾਲਜ, ਸਠਿਆਲਾ ਅਤੇ ਸਰਕਾਰੀ ਕਾਲਜ, ਪੱਟੀ ਨੂੰ ਵੀ ਇਸ ਯੂਨੀਵਰਸਿਟੀ ਵਲੋਂ ਅਪਣਾਇਆ ਗਿਆ ਹੈ ਅਤੇ ਇਨ੍ਹਾਂ ਕਾਲਜਾਂ ਵਿਚ ਵੀ ਪੜ੍ਹਾਈ ਦਾ ਕੰਮ ਚੱਲ ਰਿਹਾ ਹੈ।

ਯੂਨੀਵਰਸਿਟੀ ਕੈਂਪਸ, ਅੰਮ੍ਰਿਤਸਰ ਵਿਖੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਭਵਨ ਦੀ ਉਸਾਰੀ ਦਾ ਕੰਮ ਤੇਜੀ ਨਾਲ ਚੱਲ ਰਿਹਾ ਹੈ ਜਿਸ ਲਈ ਯੂ.ਜੀ.ਸੀ. ਤੋਂ 9 ਕਰੋੜ 50 ਲੱਖ ਰੁਪਏ ਦੀ ਗ੍ਰਾਂਟ ਪ੍ਰਾਪਤ ਹੋ ਚੁੱਕੀ ਹੈ। ਜਦਕਿ ਯੂਨੀਵਰਸਿਟੀ ਕਾਲਜ, ਜਲੰਧਰ ਵਿਖੇ ਅਕੈਡਮਿਕ ਬਿਲਡਿੰਗ, ਸੁਲਤਾਨਪੁਰ ਲੋਧੀ ਵਿਖੇ ਗਰਲਜ਼ ਹੋਸਟਲ, ਬੁਆਇਜ਼ ਹੋਸਟਲ, ਆਈ.ਟੀ. ਸੈਂਟਰ, ਬਾਊਂਡਰੀ ਵਾਲ ਦੀ ਉਸਾਰੀ ਕਰਨ ਦੀ ਤਜਵੀਜ਼ ਹੈ। ਇਸ ਦੇ ਨਾਲ ਹੀ ਯੂਨੀਵਰਸਿਟੀ ਕੈਂਪਸ, ਸਠਿਆਲਾ ਵਿਖੇ ਵੀ ਇਮਾਰਤਾਂ ਦੀ ਉਸਾਰੀ ਵਿਚ ਵਾਧਾ ਕੀਤਾ ਜਾ ਰਿਹਾ ਹੈ।

ਬੱਜਟ ਬਾਰੇ ਆਮ ਬਹਿਸ ਵਿਚ ਹਿੱਸਾ ਲੈਂਦਿਆਂ ਮੈਂਬਰ ਸਾਹਿਬਾਨ ਵੱਲੋਂ ਆਪਣੇ-ਆਪਣੇ ਵਿਚਾਰ ਪੇਸ਼ ਕੀਤੇ ਗਏ।

<u>ਡਾ. ਅਮਰਜੀਤ ਸਿੰਘ ਸਿੱਧੂ</u>

ਉਨ੍ਹਾਂ ਨੇ ਉਪ-ਕੁਲਪਤੀ ਸਾਹਿਬ ਨੂੰ ਆਉਣ ਵਾਲੇ ਸਾਲਾਂ ਲਈ ਆਮਦਨ ਦੇ ਸਾਧਨ ਪੈਦਾ ਕਰਨ ਲਈ ਵਧਾਈ ਦਿੱਤੀ।

<u>ਉਪ-ਕੁਲਪਤੀ ਸਾਹਿਬ</u>

ਉਨ੍ਹਾਂ ਨੇ ਯੂਨੀਵਰਸਿਟੀ ਦੇ ਟੀਚਿੰਗ, ਨਾਨ-ਟੀਚਿੰਗ ਸਟਾਫ ਅਤੇ ਵਿਦਿਆਰਥੀਆਂ ਵੱਲੋਂ ਯੂਨੀਵਰਸਿਟੀ ਨੂੰ ਦਿੱਤੇ ਸਹਿਯੋਗ ਲਈ ਧੰਨਵਾਦ ਕੀਤਾ।ਉਨ੍ਹਾਂ ਨੇ ਦੱਸਿਆ ਕਿ ਵਿਦਿਆਰਥੀਆਂ ਦੀ ਗਿਣਤੀ ਕਾਫੀ ਵਧ ਗਈ ਹੈ।ਨਾਨ-ਟੀਚਿੰਗ ਕਰਮਚਾਰੀਆਂ ਨੂੰ ਏਰੀਅਰ ਅਤੇ ਡੀ.ਏ. ਦੀ ਕਿਸ਼ਤ ਦੀ ਅਦਾਇਗੀ ਕਰ ਦਿੱਤੀ ਗਈ ਹੈ।ਇਸ ਯੂਨੀਵਰਸਿਟੀ ਲਈ ਇਹ ਇਕ ਸੁਨਹਿਰੀ ਸਮਾਂ ਸੀ ਜਦੋਂ ਯੂਨੀਵਰਸਿਟੀ ਨੂੰ 50 ਕਰੋੜ ਰੁਪਏ ਦੀ ਗ੍ਰਾਂਟ ਪ੍ਰਾਪਤ ਹੋਈ। ਵਿੱਤੀ ਸਾਲ 2009-10 ਦੌਰਾਨ ਯੂਨੀਵਰਿਸਟੀ ਦਾ ਬਜਟ 100 ਕਰੋੜ ਰੁਪਏ ਸੀ, ਜਿਹੜਾ ਤਿੰਨ ਸਾਲਾਂ ਵਿਚ ਵਧ ਕੇ 200 ਕਰੋੜ ਰੁਪਏ ਹੋ ਗਿਆ ਹੈ।ਯੂਨੀਵਰਸਿਟੀ ਨੂੰ 150 ਕਰੋੜ ਰੁਪਏ ਦੀ ਆਮਦਨ ਹੋਈ ਹੈ। ਕਾਲਜਾਂ ਵਿਚ ਸਮੈਸਟਰ ਸਿਸਟਮ ਸ਼ੁਰੂ ਕੀਤਾ ਗਿਆ ਹੈ।ਨਤੀਜੇ ਨਿਕਲ ਚੁਕੇ ਹਨ। ਕਾਲਜਾਂ ਵਿਚ ਦੂਜੇ ਅਤੇ ਤੀਸਰੇ ਸਾਲ ਦੇ ਵਿਦਿਆਰਥੀਆਂ ਦੀ ਗਿਣਤੀ ਵਧੇਗੀ।ਇਹ ਕਾਲਜਾਂ ਅਤੇ ਯੂਨੀਵਰਸਿਟੀ ਦੋਨਾਂ ਲਈ ਹੀ ਫਾਇਦੇਮੰਦ ਹੋਵੇਗਾ।ਅਗਲੇ ਦੋ ਸਾਲਾਂ ਤੱਕ ਵਿਦਿਆਰਥੀਆਂ ਦੀਆਂ ਫੀਸਾਂ ਵਧਾਉਣ ਦੀ ਕੋਈ ਜ਼ਰੂਰਤ ਨਹੀਂ।ਸਾਲ 2013-14 ਦਾ ਬਜਟ 34 ਕਰੋੜ ਰੁਪਏ ਦੇ ਘਾਟੇ ਨਾਲ ਹੋਣ ਦਾ ਅਨੁਮਾਨ ਹੈ। ਪਿਛਲੇ ਦੋ ਸਾਲਾਂ ਵਿਚ ਪੰਜਾਬ ਸਰਕਾਰ ਪਾਸੋਂ ਸਿਰਫ 36 ਕਰੋੜ ਰੁਪਏ ਦੀ ਗ੍ਰਾਂਟ ਮਿਲੀ ਹੈ ਅਤੇ ਅਗਲੇ ਦੋ ਸਾਲਾਂ ਤੱਕ ਇਸ ਗ੍ਰਾਂਟ ਵਿਚ ਵਾਧਾ ਹੋਣ ਦੀ ਕੋਈ ਸੰਭਾਵਨਾ ਨਹੀਂ ਹੈ। ਪਿਛਲੇ ਸਾਲ ਵਿਦਿਆਰਥੀਆਂ ਦੀ ਗਿਣਤੀ 8000 ਸੀ, ਪਰ ਹੁਣ 19000 ਵਿਦਿਆਰਥੀ ਹਨ ਅਤੇ ਅਗਲੇ ਤਿੰਨ ਸਾਲਾਂ ਵਿਚ ਵਿਦਿਆਰਥੀਆਂ ਦੀ ਇਹ ਗਿਣਤੀ ਵਧ ਕੇ 25000 ਹੋ ਜਾਵੇਗੀ।ਕਾਂਸਟੀਚੂਐਂਟ ਕਾਲਜਾਂ ਦੇ ਵਿਕਾਸ ਲਈ ਕਾਫੀ ਯਤਨ ਕੀਤੇ ਜਾ ਰਹੇ ਹਨ।ਰਿਜਨਲ ਕੈਂਪਸਾਂ ਜਲੰਧਰ ਅਤੇ ਗੁਰਦਾਸਪੁਰ ਵਿਖੇ ਐਮ.ਟੈਕ. ਸ਼ੁਰੂ ਹੋ ਚੁੱਕੀ ਹੈ।ਰਿਜਨਲ ਕੈਂਪਸਾਂ ਦਾ ਵੀ ਮੈਨ ਕੈਂਪਸ ਦੀ ਤਰ੍ਹਾਂ ਵਿਕਾਸ ਕੀਤਾ

ਜਾਵੇਗਾ। ਰਿਜਨਲ ਕੈਂਪਸ ਸਠਿਆਲਾ ਦੇ ਨਤੀਜੇ ਵਧੀਆ ਆਏ ਹਨ। ਕੁਝ ਕਾਲਜਾਂ ਵਿਚ ਬੀ.ਕਾਮ. ਦਾ ਨਤੀਜਾ ਨਿਕਲ ਚੁੱਕਿਆ ਹੈ ਜੋ 100% ਹੈ। ਯੂਨੀਵਰਸਿਟੀ ਅਰਬਨ ਇਲਾਕੇ ਵਿਚ ਯੋਗਦਾਨ ਦੇ ਰਹੀ ਹੈ, ਪਰ ਪੇਂਡੂ ਖੇਤਰਾਂ ਵਿਚ ਵੀ ਇਸਦਾ ਯੋਗਦਾਨ ਘੱਟ ਨਹੀਂ ਹੈ।

ਸ੍ਰੀ ਕੇ.ਐਸ. ਬੈਂਸ

ਉਨ੍ਹਾਂ ਜਾਨਣਾ ਚਾਹਿਆ ਕਿ ਅਧਿਆਪਕਾਂ ਦੀਆਂ 100 ਅਸਾਮੀਆਂ ਖਾਲੀ ਕਿਉਂ ਪਈਆਂ ਹਨ ?

ਉਪ-ਕੁਲਪਤੀ ਸਾਹਿਬ

ਉਪ-ਕੁਲਪਤੀ ਸਾਹਿਬ ਨੇ ਦੱਸਿਆ ਕਿ ਉਹ ਐਜੂਕੇਸ਼ਨ ਵਿਭਾਗ ਖੋਲ੍ਹਣਾ ਚਾਹੁੰਦੇ ਸੀ ਪਰ ਇੱਕ ਵੀ ਵਿਅਕਤੀ ਪ੍ਰੋਫੈਸਰ ਦੀ ਅਸਾਮੀ ਲਈ ਯੋਗ ਨਹੀਂ ਪਾਇਆ ਗਿਆ। ਇਹ ਦੇਸ਼ ਭਰ ਵਿਚ ਵਾਪਰ ਰਿਹਾ ਹੈ। ਕਾਫੀ ਅਸਾਮੀਆਂ ਨਹੀਂ ਭਰੀਆਂ ਜਾ ਰਹੀਆਂ। ਕੈਰੀਅਰ ਐਡਵਾਂਸਮੈਂਟ ਸਕੀਮ ਦੇ ਅਧੀਨ ਲੈਕਚਰਾਰ ਤੋਂ ਪ੍ਰੋਫੈਸਰ ਤੱਕ ਦੀ ਪ੍ਰਮੋਸ਼ਨ ਕੀਤੀ ਜਾਂਦੀ ਹੈ। ਜਿਵੇਂ ਜਿਵੇਂ ਉਹ ਰਿਟਾਇਰ ਹੁੰਦੇ ਹਨ, ਉਨ੍ਹਾਂ ਦੀ ਥਾਂ ਨਵੀਂ ਭਰਤੀ ਕੀਤੀ ਜਾਂਦੀ ਹੈ। ਪਿਛਲੇ ਪੰਦਰਾਂ ਸਾਲ ਤੋਂ ਗੁਰੂ ਰਾਮਦਾਸ ਸਕੂਲ ਆਫ ਪਲਾਨਿੰਗ ਅਤੇ ਪੋਲੀਟੀਕਲ ਸਾਇੰਸ ਵਿਭਾਗ ਵਿਚ ਕੋਈ ਭਰਤੀ ਨਹੀਂ ਹੋਈ। ਯੂਨੀਵਰਸਿਟੀ ਦੀਆਂ ਕੁਝ ਮੁਸ਼ਕਲਾਂ ਹਨ। ਚਾਰ-ਚਾਰ ਵਾਰ ਇਸ਼ਤਿਹਾਰ ਦੇਣ ਉਪਰੰਤ ਵੀ ਕੰਪਿਊਟਰ ਸਾਇੰਸ, ਆਰਕੀਟੈਕਚਰ ਅਤੇ ਪਲਾਨਿੰਗ ਵਿਭਾਗ ਲਈ ਕੋਈ ਵੀ ਯੋਗ ਉਮੀਦਵਾਰ ਨਹੀਂ ਮਿਲਿਆ। ਕਾਫੀ ਲੈਕਚਰਾਰ ਭਰਤੀ ਕੀਤੇ ਗਏ ਹਨ। ਇਲੈਕਟ੍ਰਾਨਿਕਸ ਵਿਭਾਗ, ਕੰਪਿਊਟਰ ਸਾਇੰਸ ਵਿਭਾਗ, ਰਿਜਨਲ ਕੈਂਪਸ ਗੁਰਦਾਸਪੁਰ, ਜਲੰਧਰ ਅਤੇ ਫੱਤੂਢੀਗਾਂ ਵਿਖੇ ਅਧਿਆਪਕਾਂ ਦੀਆਂ ਅਸਾਮੀਆਂ ਪੈਦਾ ਕੀਤੀਆਂ ਜਾਣਗੀਆਂ। 90 ਫੈਕਲਟੀ ਮੈਂਬਰਾਂ ਦੀ ਭਰਤੀ ਹੋ ਚੁੱਕੀ ਹੈ ਜਿਹੜਾ ਕਿ ਇਸ ਯੂਨੀਵਰਸਿਟੀ ਦੇ ਇਤਿਹਾਸ ਵਿਚ ਇਕ ਰਿਕਾਰਡ ਹੈ। ਕੰਪਿਊਟਰ ਸਾਇੰਸ ਵਿਭਾਗ ਵਿਚ ਘੱਟ ਉਮਰ ਦੇ ਅਧਿਆਪਕ ਹਨ।

ਸ੍ਰੀ ਕੇ.ਐਸ. ਬੈਂਸ

ਉਨ੍ਹਾਂ ਕਿਹਾ ਕਿ ਜੇ ਇਨ੍ਹਾਂ ਅਸਾਮੀਆਂ ਦੀ ਲੋੜ ਨਹੀਂ ਹੈ ਤਾਂ ਇਨ੍ਹਾਂ ਅਸਾਮੀਆਂ ਨੂੰ ਰੱਖਣ ਦਾ ਕੀ ਫਾਈਦਾ ਹੈ।

ਉਪ-ਕੁਲਪਤੀ ਸਾਹਿਬ

ਉਨ੍ਹਾਂ ਕਿਹਾ ਕਿ ਸਾਨੂੰ ਵਧੀਆ ਖੋਜ ਕਾਰਜ ਚਾਹੀਦਾ ਹੈ। ਅਸੀਂ ਅਧਿਆਪਨ ਦੇ ਕੰਮ ਦਾ ਬੋਝ ਯੂ.ਜੀ.ਸੀ. ਦੇ ਨਿਯਮਾਂ ਅਧੀਨ ਵੰਡਿਆ ਹੈ। ਯੂਨੀਵਰਸਿਟੀ ਵਿਚ ਅਸਿਸਟੈਂਟ ਪ੍ਰੋਫੈਸਰ ਅਤੇ ਐਸੋਸੀਏਟ ਪ੍ਰੋਫੈਸਰ ਹਨ। ਜੇਕਰ ਵਰਕਲੋਡ ਜ਼ਿਆਦਾ ਹੋਵੇ ਤਾਂ ਕੰਟ੍ਰੈਕਟ ਅਧਾਰ 'ਤੇ ਵੀ ਅਧਿਆਪਕਾਂ ਦੀ ਭਰਤੀ ਕੀਤੀ ਜਾਂਦੀ ਹੈ।

ਡਾ. ਡੀ.ਐਨ. ਜੌਹਰ

ਉਨ੍ਹਾਂ ਕਿਹਾ ਕਿ ਹਰ ਇਕ ਸਿੱਕੇ ਦੇ ਦੋ ਪਹਿਲੂ ਹੁੰਦੇ ਹਨ। 1986 ਤੋਂ ਪਹਿਲਾਂ ਤਰੱਕੀ ਦਾ ਕੋਈ ਮਾਰਗ ਨਹੀਂ ਸੀ ਅਤੇ ਫੈਕਲਟੀ ਦੀ ਹਾਲਤ ਸਥਿਰਤਾ ਵਾਲੀ ਸੀ। ਰੀਡਰਾਂ ਅਤੇ ਪ੍ਰੋਫੈਸਰਾਂ ਦੀਆਂ ਬਹੁਤ ਹੀ ਘੱਟ ਅਸਾਮੀਆਂ ਖਾਲੀ ਹੁੰਦੀਆਂ ਸਨ ਅਤੇ ਉਹ ਵੀ ਕਿਸੇ ਦੇ ਅਸਤੀਫਾ ਦੇਣ ਜਾਂ ਮੌਤ ਕਾਰਣ ਖਾਲੀ ਹੁੰਦੀ ਸੀ। 1998 ਵਿਚ ਲਗਭਗ 1/3 ਅਸਾਮੀਆਂ ਖਾਲੀ ਸਨ। ਇੱਥੇ ਇਕ negative point ਇਹ ਵੀ ਹੈ ਕਿ ਅਧਿਆਪਕ ਇਕ ਯੂਨੀਵਰਸਿਟੀ ਤੋਂ ਦੂਜੀ ਯੂਨੀਵਰਸਿਟੀ ਨਹੀਂ ਜਾਣਾ ਚਾਹੁੰਦੇ ਹਨ ਅਤੇ ਇਕ ਪਰਮਾਨੈਂਟ ਅਧਿਆਪਕ ਉਥੇ ਹੀ ਰਹਿਣਾ ਚਾਹੁੰਦਾ ਹੈ, ਜਿਸ ਕਾਰਣ ਬਾਹਰੋਂ ਅਧਿਆਪਕ ਨਹੀਂ ਮਿਲਦੇ। ਇਹ ਸਮੱਸਿਆ ਪੂਰੇ ਭਾਰਤ ਵਿਚ ਹੈ। ਇਹ ਦੋ ਵਿਰੋਧਾਭਾਸੀ ਹਾਲਾਤ ਹਨ।

ਉਪ-ਕੁਲਪਤੀ ਸਾਹਿਬ

ਉਨ੍ਹਾਂ ਦੱਸਿਆ ਕਿ ਇਸ ਯੂਨੀਵਰਸਿਟੀ ਦੇ ਇਕ ਪ੍ਰੋਫੈਸਰ ਨੇ ਜੰਮੂ ਯੂਨੀਵਰਸਿਟੀ ਦੇ ਉਪ-ਕੁਲਪਤੀ ਵਜੋਂ ਜਾਇਨ ਕੀਤਾ ਹੈ।ਇਹ ਯੂਨਵਿਰਸਿਟੀ ਬਾਰਡਰ ਇਲਾਕੇ ਵਿਚ ਸਥਿਤ ਹੈ। ਯੂਨੀਵਰਸਿਟੀ ਨੂੰ potential for excellence ਦਾ ਦਰਜਾ ਮਿਲਿਆ ਹੈ।

ਪ੍ਰਿੰਸੀਪਲ ਨਾਨਕ ਸਿੰਘ

ਉਨ੍ਹਾਂ ਉਪ-ਕੁਲਪਤੀ ਸਾਹਿਬ ਨੂੰ ਵਧੀਆਂ ਬਜਟ ਪੇਸ਼ ਕਰਨ ਲਈ ਵਧਾਈ ਦਿੱਤੀ ਅਤੇ ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਪ੍ਰਧਾਨਗੀ ਹੇਠ ਯੂਨੀਵਰਸਿਟੀ ਬਹੁਤ ਵਧੀਆ ਚਲ ਰਹੀ ਹੈ।

ਸਰਬਸੰਮਤੀ ਨਾਲ **ਪਾਸ ਹੋਇਆ** ਕਿ ਮਾਲੀ ਸਾਲ 2013-14 ਲਈ ਯੂਨੀਵਰਸਿਟੀ ਦੇ ਬੱਜਟ ਅਨੁਮਾਨ ਆਦਿ (**ਅੰਤਿਕਾ** ਅਨੁਸਾਰ) ਪਰਵਾਨ ਕੀਤੇ ਜਾਂਦੇ ਹਨ।

**ਸਬੰਧਤ ਕਾਲਜਾਂ/ਕੈਂਪਸਾਂ ਵਿਖੇ ਨਵੀਆਂ ਕਲਾਸਾਂ/ ਕੋਰਸ ਸ਼ੁਰੂ ਕਰਨ, ਕਾਲਜ ਦੇ ਨਾਮ, ਪੇਪਰ/ ਕੋਰਸ ਦੇ ਨਾਮ ਦੀ ਤਬਦੀਲੀ ਸਬੰਧਤ ਕੋਰਸ kept in abeyance ਰੱਖਣ, ਵਿਭਾਗ merge ਕਰਨ ਦੀ ਪਰਵਾਨਗੀ।**

4. ਸਿੰਡੀਕੇਟ ਦੀਆਂ ਹੇਠ ਲਿਖੀਆਂ ਸਿਫ਼ਾਰਸ਼ਾਂ 'ਤੇ ਵਿਚਾਰ ਹੋਈ ਕਿ:-

(ੳ) ਸ਼ਹੀਦ ਰਾਮ ਸਿੰਘ ਪਠਾਨੀਆ ਮੈਮੋਰੀਅਲ ਕਾਲਜ, ਨਿਆੜੀ, ਗੁਰਦਾਸਪੁਰ ਦਾ ਨਾਂ ਯੂ.ਜੀ.ਸੀ. ਐਕਟ 2(F) ਅਤੇ 12(B) ਅਧੀਨ ਤਬਦੀਲ ਕਰਕੇ ਸ਼ਹੀਦ ਰਾਮ ਸਿੰਘ ਪਠਾਨੀਆ ਮੈਮੋਰੀਅਲ ਜੀ.ਐਨ.ਡੀ. ਯੂਨੀਵਰਸਿਟੀ ਕਾਲਜ, ਨਿਆੜੀ, ਡਾਕਘਰ ਭੱਟਵਾਂ ਤਹਿਸੀਲ ਧਾਰਕਲਾਂ, ਜਿਲਾ ਪਠਾਨਕੋਟ ਕਰਨ ਦੀ ਪਰਵਾਨਗੀ ਦਿੱਤੀ ਜਾਵੇ।

(ਸਿੰਡੀਕੇਟ ਪੈਰਾ 16 ਮਿਤੀ 4.9.2012)

(ਅ) ਸੈਸ਼ਨ 2013-14 ਤੋਂ ਫੈਕਲਟੀ ਆਫ ਫਿਜ਼ੀਕਲ ਐਜੂਕੇਸ਼ਨ ਅਤੇ ਫੈਕਲਟੀ ਆਫ ਸਪੋਰਟਸ ਮੈਡੀਸਨ ਐਂਡ ਫਿਜ਼ੀਓਥਰਾਪੀ ਦੇ ਕੋਰਸਾਂ ਤੋਂ ਸਿਵਾਏ ਪੋਸਟ ਗ੍ਰੈਜੂਏਟ ਡਿਪਲੋਮਾ, ਡਿਪਲੋਮਾ, ਅਡਵਾਂਸ ਡਿਪਲੋਮਾ ਅਤੇ ਸਰਟੀਫਿਕੇਟ ਕੋਰਸਾਂ ਨੂੰ ਸਲਾਨਾ ਪ੍ਰਣਾਲੀ ਤੋਂ ਸਮੈਸਟਰ ਪ੍ਰਣਾਲੀ ਵਿਚ ਤਬਦੀਲ ਕਰਨ ਦੀ ਪਰਵਾਨਗੀ ਦਿੱਤੀ ਜਾਵੇ।

(ਸਿੰਡੀਕੇਟ ਪੈਰਾ 36 ਮਿਤੀ 4.9.2012)

(ੲ) ਸਰਕਾਰੀ ਡਿਗਰੀ ਕਾਲਜ, ਪੱਟੀ ਅਤੇ ਸਰਕਾਰੀ ਕਾਲਜ ਆਫ ਫਿਜ਼ੀਕਲ ਐਜੂਕੇਸ਼ਨ, ਪੱਟੀ (ਤਰਨ ਤਾਰਨ) ਦਾ ਨਾਂ ਬਦਲ ਕੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਪੱਟੀ ਕੀਤਾ ਜਾਵੇ।

(ਸਿੰਡੀਕੇਟ ਪੈਰਾ 42 ਮਿਤੀ 4.9.2012)

(ਸ) ਸੈਸ਼ਨ 2012-13 ਤੋਂ ਯੂਨੀਵਰਸਿਟੀ ਵੱਲੋਂ 'ਪੰਜਾਬ ਹਿਸਟਰੀ ਐਂਡ ਕਲਚਰ' ਵਿਸ਼ੇ ਦੀ ਥਾਂ 'ਬੇਸਿਕ ਪੰਜਾਬੀ' ਦਾ ਵਿਸ਼ਾ ਲਾਗੂ ਕਰਨ ਸਬੰਧੀ ਲਏ ਗਏ ਨਿਰਣੇ ਨੂੰ ਮੁੱਖ ਰੱਖਦਿਆਂ nomenclature ਵਿਚ ਹੇਠ ਲਿਖੇ ਅਨੁਸਾਰ ਸੋਧ ਕਰਨ ਦੀ ਪਰਵਾਨਗੀ ਦਿੱਤੀ ਜਾਵੇ:-

| Present Nomenclature | Proposed Nomenclature |
|---|---|
| **Note 2:** Nomenclature of Punjab History and Culture (Credit Based) paper has been changed to 'History and Culture of Punjab (Credit Based) w.e.f. session 2011-12. | The Course Punjab History and Culture (Credit Based) paper has been replaced with Basic Punjabi (Credit Based) w.e.f. session 2011-12. |

(ਸਿੰਡੀਕੇਟ ਪੈਰਾ 37 ਮਿਤੀ 30.10.2012)

(ਹ) ਸੈਸ਼ਨ 2012-13 ਦੌਰਾਨ ਫੂਡ ਸਾਇੰਸ ਐਂਡ ਟੈਕਨਾਲੋਜੀ ਵਿਭਾਗ ਵਿਖੇ ਚੱਲ ਰਹੇ ਬੀ.ਟੈਕ. (ਸ਼ੂਗਰ ਐਂਡ ਅਲਕੋਹਲ ਟੈਕਨਾਲੋਜੀ) ਕੋਰਸ ਅਤੇ ਅਪਲਾਈਡ ਕੈਮੀਕਲ ਸਾਇੰਸਜ਼ ਵਿਭਾਗ ਵਿਖੇ ਚੱਲ ਰਹੇ ਬੀ.ਟੈਕ. (ਟੈਕਸਟਾਈਲ ਕੈਮਿਸਟਰੀ) ਕੋਰਸ ਵਿਚ ਦਾਖਲਾ ਲੈਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਲੋੜ ਤੋਂ ਕਾਫੀ ਘੱਟ ਹੋਣ ਕਰਕੇ ਸੈਸ਼ਨ 2013-14 ਤੋਂ ਉਕਤ ਦੋਵੇਂ ਕੋਰਸ ਅਗਲੇ ਆਦੇਸ਼ਾਂ ਤੱਕ kept in abeyance ਰੱਖਣ ਦੀ ਪਰਵਾਨਗੀ ਦਿੱਤੀ ਜਾਵੇ।

(ਸਿੰਡੀਕੇਟ ਪੈਰਾ 40 ਮਿਤੀ 30.10.2012)

(ਕ) ਮਿਤੀ 1.4.2013 ਤੋਂ ਅਪਲਾਈਡ ਕੈਮੀਕਲ ਸਾਇੰਸਜ਼ ਤੇ ਟੈਕਨਾਲੋਜੀ ਵਿਭਾਗ ਨੂੰ ਕੈਮਿਸਟਰੀ ਵਿਭਾਗ ਵਿਚ merge ਕਰਨ ਦੀ ਪਰਵਾਨਗੀ ਦਿੱਤੀ ਜਾਵੇ।

(ਸਿੰਡੀਕੇਟ ਪੈਰਾ 45 ਮਿਤੀ 30.10.2012)

(ਖ) ਕੈਮਿਸਟਰੀ ਵਿਭਾਗ ਵਿਖੇ ਚਲ ਰਹੇ ਐਮ.ਐਸ.ਸੀ. ਕੈਮਿਸਟਰੀ (ਪੋਲੀਮਰ ਸਾਇੰਸਜ਼) ਕੋਰਸ ਵਿਚ ਦਾਖਲਾ ਲੈਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਲੋੜ ਤੋਂ

ਕਾਫੀ ਘੱਟ ਹੋਣ ਕਰਕੇ ਸੈਸ਼ਨ 2013-14 ਤੋਂ ਉਕਤ ਕੋਰਸ ਨੂੰ kept in abeyance ਰੱਖਣ ਦੀ ਪਰਵਾਨਗੀ ਦਿੱਤੀ ਜਾਵੇ।

(ਸਿੰਡੀਕੇਟ ਪੈਰਾ 12 ਮਿਤੀ 26.12.2012)

(ਗ) ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਵੇਰਕਾ, ਯੂਨੀਵਰਸਿਟੀ ਕਾਲਜ, ਜਲੰਧਰ ਅਤੇ ਯੂਨੀਵਰਸਿਟੀ ਰਿਜਨਲ ਕੈਂਪਸ, ਗੁਰਦਾਸਪੁਰ ਵਿਖੇ ਸੈਸ਼ਨ 2013-14 ਤੋਂ ਐਮ.ਕਾਮ., ਬੀ.ਕਾਮ. ਅਤੇ ਬੀ.ਕਾਮ. (ਪ੍ਰੋਫੈਸ਼ਨਲ) ਦੀਆਂ ਸ਼ਾਮ ਦੀਆਂ ਕਲਾਸਾਂ ਦੇ ਦੋ-ਦੋ ਯੂਨਿਟ ਸ਼ੁਰੂ ਕਰਨ ਦੀ ਪਰਵਾਨਗੀ ਦਿੱਤੀ ਜਾਵੇ।

(ਸਿੰਡੀਕੇਟ ਪੈਰਾ 13 ਮਿਤੀ 26.12.2012)

(ਘ) ਗੁਰੂ ਨਾਨਕ ਦੇਵ ਯੂਨੀਵਰਸਿਟੀ ਰਿਜਨਲ ਕੈਂਪਸ, ਜਲੰਧਰ ਅਤੇ ਗੁਰਦਾਸਪੁਰ ਵਿਖੇ ਸੈਸ਼ਨ 2013-14 ਤੋਂ ਐਮ.ਟੈਕ.(ਕੰਪਿਊਟਰ ਸਾਇੰਸ ਤੇ ਇੰਜੀਨੀਅਰਿੰਗ) ਅਤੇ ਐਮ.ਟੈਕ.(ਇਲੈਕਟ੍ਰੋਨਿਕਸ ਤੇ ਕਮਿਊਨੀਕੇਸ਼ਨ ਇੰਜੀਨੀਅਰਿੰਗ) ਕੋਰਸ (ਪਹਿਲੀ ਵਾਰ 46 ਸੀਟਾਂ ਹਰੇਕ ਕੋਰਸ) ਸ਼ੁਰੂ ਕਰਨ ਦੀ ਪਰਵਾਨਗੀ ਦਿੱਤੀ ਜਾਵੇ।

(ਸਿੰਡੀਕੇਟ ਪੈਰਾ 18 ਮਿਤੀ 26.12.2012)

**ਪਾਸ ਹੋਇਆ** ਕਿ ਸਿੰਡੀਕੇਟ ਦੀਆਂ ਉਕਤ ਸਿਫਾਰਸ਼ਾਂ (ਸ) ਤੋਂ ਸਿਵਾਏ, ਬਾਕੀ ਸਿਫਾਰਸ਼ਾਂ ਪਰਵਾਨ ਕੀਤੀਆਂ ਜਾਂਦੀਆਂ ਹਨ।

ਇਹ ਵੀ **ਪਾਸ ਹੋਇਆ** ਕਿ ਉਕਤ (ਸ) ਅਧੀਨ ਸਿਫ਼ਾਰਸ਼ ਦੇ Note 2 ਵਿਚ ਸਿੰਡੀਕੇਟ ਦੀ ਇਕੱਤਰਤਾ ਮਿਤੀ 26.12.2012 ਦੇ ਪੈਰਾ ਨੰ:24(II) ਰਾਹੀਂ ਲਏ ਨਿਰਣੇ ਅਨੁਸਾਰ nomenclature ਵਿਚ ਹੇਠ ਲਿਖੇ ਅਨੁਸਾਰ ਸੋਧ ਪਰਵਾਨ ਕੀਤੀ ਜਾਂਦੀ ਹੈ:-

| Present Nomenclature | Proposed Nomenclature |
|---|---|
| **Note 2:** Nomenclature of Punjab History and Culture (Credit Based) paper has been changed to 'History and Culture of Punjab (Credit Based) w.e.f. session 2011-12. | The Course History and Culture of Punjab (Credit Based) paper has been replaced with Basic Punjabi (Credit Based) w.e.f. session 2012-13. |

ਉਪ-ਕੁਲਪਤੀ ਸਾਹਿਬ ਦਾ ਬਿਆਨ।

5. ਯੂਨੀਵਰਸਿਟੀ ਵਿਖੇ ਚੱਲ ਰਹੀਆਂ ਵੱਖ-ਵੱਖ ਗਤੀਵਿਧੀਆਂ ਬਾਰੇ ਉਪ-ਕੁਲਪਤੀ ਸਾਹਿਬ ਨੇ ਦੱਸਿਆ ਕਿ :-

1. ਉਪ-ਕੁਲਪਤੀ ਜੀ ਨੇ ਮਿਤੀ 3 ਸਤੰਬਰ, 2012 ਨੂੰ 1.25 ਕਰੋੜ ਰੁਪਏ ਦੀ ਲਾਗਤ ਨਾਲ ਇਲੈਕਟ੍ਰਾਨਿਕਸ ਵਿਭਾਗ ਦੀ ਬਿਲਡਿੰਗ ਦੇ ਵਿਸਥਾਰ ਦਾ ਉਦਘਾਟਨ ਕੀਤਾ।

2. ਯੂਨੀਵਰਸਿਟੀ ਦੀ 39ਵੀਂ ਸਾਲਾਨਾ ਕਨਵੋਕੇਸ਼ਨ 8 ਮਾਰਚ, 2013 ਨੂੰ ਆਯੋਜਿਤ ਕੀਤੀ ਗਈ।ਕਨਵੋਕੇਸ਼ਨ ਦੌਰਾਨ ਡਾ. ਕ੍ਰਿਪਾਲ ਸਿੰਘ ਚੁੱਘ, ਇਮੈਰਿਟਸ ਪ੍ਰੋਫ਼ੈਸਰ (ਨੈਫ਼ਰਾਲੋਜੀ), ਪੀ.ਜੀ.ਆਈ. ਚੰਡੀਗੜ੍ਹ ਨੂੰ ਵਿਗਿਆਨ ਦੇ ਖੇਤਰ ਵਿਚ ਉੱਘੀਆਂ ਪ੍ਰਾਪਤੀਆਂ ਸਦਕਾ ਡਾਕਟਰ ਆਫ਼ ਸਾਇੰਸ: ਅਤੇ ਡਾ. ਬਾਬਾ ਸਾਹਿਬ ਅੰਬੇਦਕਰ ਮਰਾਠਾਵਾੜੇ ਯੂਨੀਵਰਸਿਟੀ, ਔਰੰਗਾਬਾਦ ਦੇ ਸਾਬਕਾ ਉਪ-ਕੁਲਪਤੀ, ਡਾ. ਸ਼ਿਵਰਾਜ ਬੀ. ਨਾਕਾਡੇ ਨੂੰ ਕਾਨੂੰਨ ਦੇ ਖੇਤਰ ਵਿਚ ਪਾਏ ਉੱਘੇ ਯੋਗਦਾਨ ਲਈ ਡਾਕਟਰ ਆਫ਼ ਲਾਅ ਦੀ ਸਨਮਾਨਾਰਥ ਡਿਗਰੀ ਪ੍ਰਦਾਨ ਕੀਤੀ ਗਈ। ਯੂਨੀਵਰਸਿਟੀ ਕਨਵੋਕੇਸ਼ਨ 'ਤੇ 186 ਵਿਅਕਤੀਆਂ ਨੂੰ ਪੀਐਚ.ਡੀ. ਡਿਗਰੀਆਂ ਪ੍ਰਦਾਨ ਕੀਤੀਆਂ ਗਈਆਂ ਹਨ।

3. (ੳ) **ਐਸੋਸੀਏਸ਼ਨ** ਆਫ ਇੰਡੀਅਨ ਯੂਨੀਵਰਸਿਟੀਜ਼ ਵੱਲੋਂ 28ਵਾਂ **ਨਾਰਥ-ਜ਼ੋਨ ਅੰਤਰ ਯੂਨੀਵਰਸਿਟੀ ਯੂਥ ਫੈਸਟੀਵਲ** (ਗੁਲਦਸਤਾ ਯੂਨੀਫੈਸਟ-2012) ਯੂਨੀਵਰਸਿਟੀ ਵਿਖੇ 7-11 ਨਵੰਬਰ, 2012 ਨੂੰ ਆਯੋਜਿਤ ਕੀਤਾ ਗਿਆ। ਇਸ ਫੈਸਟੀਵਲ ਵਿਚ ਇਸ ਯੂਨੀਵਰਸਿਟੀ ਨੇ **ਓਵਰਆਲ ਚੈਂਪੀਅਨਸ਼ਿਪ ਟਰਾਫੀ** ਜਿੱਤਣ ਨੇ ਨਾਲ ਨਾਲ ਪੰਜ ਖੇਤਰਾਂ-**ਸੰਗੀਤ, ਥੀਏਟਰ, ਡਾਂਸ, ਲਿਟਰੇਰੀ ਅਤੇ ਫ਼ਾਈਨ ਆਰਟਸ ਟਰਾਫੀਆਂ** ਵੀ ਹਾਸਲ ਕੀਤੀਆਂ।

(ਅ) ਐਸੋਸੀਏਸ਼ਨ ਆਫ ਇੰਡੀਅਨ ਯੂਨੀਵਰਸਿਟੀਜ਼ ਵੱਲੋਂ 5-9 ਫਰਵਰੀ, 2013 ਨੂੰ ਯੂਨੀਵਰਸਿਟੀ ਆਫ਼ ਕਲਿਆਨੀ, ਕਲਿਆਨੀ ਵਿਖੇ ਕਰਵਾਏ ਗਏ **ਅੰਤਰ ਯੂਨੀਵਰਸਿਟੀ ਨੈਸ਼ਨਲ ਯੂਥ ਫੈਸਟੀਵਲ** ਵਿਚ, ਇਸ ਯੂਨੀਵਰਸਿਟੀ ਨੇ **ਓਵਰਆਲ ਰਨਰਜ਼-ਅਪ ਟਰਾਫ਼ੀ** ਜਿੱਤੀ।ਇਸ ਦੇ ਇਲਾਵਾ ਯੂਨੀਵਰਸਿਟੀ ਨੇ **ਸੰਗੀਤ ਟਰਾਫ਼ੀ** ਵੀ ਜਿੱਤੀ।

(ੲ) ਪੰਜਾਬ ਸੰਗੀਤ ਨਾਟਕ ਅਕਾਦਮੀ ਵੱਲੋਂ 16-18 ਜਨਵਰੀ, 2013 ਨੂੰ ਦਸਮੇਸ਼ ਗਰਲਜ਼ ਕਾਲਜ ਆਫ਼ ਐਜੂਕੇਸ਼ਨ, ਬਾਦਲ (ਜ਼ਿਲਾ ਮੁਕਤਸਰ) ਵਿਖੇ ਆਯੋਜਿਤ ਪੰਜਾਬ ਰਾਜ ਅੰਤਰ-ਯੂਨੀਵਰਸਿਟੀ ਯੂਥ ਫੈਸਟੀਵਲ ਵਿਚ ਇਸ ਯੂਨੀਵਰਸਿਟੀ ਨੇ **ਓਵਰਆਲ ਸੈਕੰਡ ਰਨਰਜ਼-ਅਪ** ਟਰਾਫ਼ੀ ਹਾਸਲ ਕੀਤੀ।

(ਸ) ਪੰਜਾਬੀ ਅਕਾਦਮੀ, ਦਿੱਲੀ ਦੁਆਰਾ 9 ਫਰਵਰੀ, 2013 ਨੂੰ ਆਯੋਜਿਤ ਕੀਤੇ ਗਏ ਅੰਤਰ ਯੂਨੀਵਰਸਿਟੀ ਕਲਚਰਲ ਮੁਕਾਬਲੇ ਵਿਚ ਯੂਨੀਵਰਸਿਟੀ ਦੀ ਲੋਕ-ਨਾਚ ਸੰਮੀ ਦੀ ਟੀਮ ਨੇ ਪਹਿਲਾ ਸਥਾਨ; ਅਤੇ ਫੋਕ ਆਰਕੈਸਟਰਾ ਅਤੇ ਲੋਕ ਗੀਤ ਦੀ ਟੀਮ ਨੇ ਦੂਜਾ ਸਥਾਨ ਹਾਸਲ ਕੀਤਾ।

(ਹ) Emerin Education (P) Ltd., Chandigarh ਵੱਲੋਂ ਬਠਿੰਡਾ ਵਿਖੇ 20 ਫਰਵਰੀ, 2013 ਨੂੰ ਕਰਵਾਏ ਅੰਤਰ-ਯੂਨੀਵਰਸਿਟੀ ਗਿੱਧਾ-ਭੰਗੜਾ ਸਮਾਰੋਹ **ਵਿਰਸਾ** ਵਿਚ ਯੂਨੀਵਰਸਿਟੀ ਦੀ ਗਿੱਧਾ ਟੀਮ ਨੇ ਪਹਿਲਾ ਸਥਾਨ ਹਾਸਲ ਕਰਦੇ ਹੋਏ 1,00,000/- ਰੁਪਏ ਦਾ ਨਕਦ ਪੁਰਸਕਾਰ ਜਿੱਤਿਆ ਅਤੇ ਭੰਗੜਾ ਟੀਮ ਨੇ ਤੀਜਾ ਸਥਾਨ ਹਾਸਲ ਕੀਤਾ।

4. **ਖੇਡਾਂ ਦੇ ਖੇਤਰ ਵਿਚ ਪ੍ਰਾਪਤੀਆਂ**

(ੳ) 29 ਅਕਤੂਬਰ ਤੋਂ 4 ਨਵੰਬਰ, 2012 ਤੱਕ ਚੀਨ ਵਿਖੇ ਹੋਈ 5$^{th}$ Asian Air Gun Championship ਵਿਚ ਯੂਨੀਵਰਸਿਟੀ ਦੇ ਸ਼ੂਟਰ ਨੇ ਬ੍ਰਾਂਜ਼ ਮੈਡਲ ਪ੍ਰਾਪਤ

ਕੀਤਾ। 9-15 ਮਾਰਚ, 2013 ਨੂੰ ਬੈਂਕਾਕ(ਥਾਈਲੈਂਡ) ਵਿਖੇ ਹੋ ਰਹੀ **Asian Grand Prix Archery Championship** ਵਿਚ ਹਿੱਸਾ ਲੈ ਰਹੀ ਭਾਰਤ ਦੀ ਆਰਚਰੀ ਟੀਮ ਵਿਚ ਇਸ ਯੂਨੀਵਰਸਿਟੀ ਦੇ ਸ਼ਾਮਿਲ ਖਿਡਾਰੀ ਅਭਿਸ਼ੇਕ ਵਰਮਾ ਨੇ ਗੋਲਡ ਮੈਡਲ ਪ੍ਰਾਪਤ ਕੀਤਾ ਹੈ।

(ਅ) ਜੈਸਲਮੇਰ ਵਿਖੇ 27-30 ਅਕਤੂਬਰ, 2012 ਨੂੰ ਹੋਈ Federation Cup Handball Championship ਵਿਚ ਪੰਜਾਬ ਦੀ ਪਹਿਲੇ ਸਥਾਨ ਤੇ ਰਹਿਣ ਵਾਲੀ ਟੀਮ ਵਿਚ ਯੂਨੀਵਰਸਿਟੀ ਦੇ 9 ਖਿਡਾਰੀ ਸ਼ਾਮਿਲ ਸਨ।ਗੁੜਗਾਉਂ ਵਿਖੇ 2-5 ਨਵੰਬਰ, 2012 ਨੂੰ ਵੁਮੈਨ ਸਪੋਰਟਸ ਫੈਸਟੀਵਲ ਹਾਕੀ ਮੁਕਾਬਲੇ ਵਿਚ ਪੰਜਾਬ ਦੀ ਟੀਮ, ਜਿਸ ਵਿਚ ਯੂਨੀਵਰਸਿਟੀ ਦੀਆਂ 11 ਖਿਡਾਰਨਾਂ ਸ਼ਾਮਿਲ ਸਨ, ਨੇ ਬ੍ਰਾਂਜ਼ ਮੈਡਲ ਪ੍ਰਾਪਤ ਕੀਤਾ।ਬੰਗਲੌਰ ਵਿਖੇ 7-9 ਦਸੰਬਰ, 2012 ਨੂੰ ਹੋਈ Federation Cup Softball Champianship ਵਿਚ ਪੰਜਾਬ ਮਰਦਾਂ ਦੀ ਟੀਮ ਨੇ ਪਹਿਲਾ ਅਤੇ ਔਰਤਾਂ ਦੀ ਟੀਮ ਨੇ ਚੌਥਾ ਸਥਾਨ ਹਾਸਲ ਕੀਤਾ, ਜਿਸ ਵਿਚ ਯੂਨੀਵਰਸਿਟੀ ਦੇ 7 ਲੜਕੇ ਅਤੇ 7 ਲੜਕੀਆਂ ਸ਼ਾਮਿਲ ਸਨ। ਦਿੱਲੀ ਵਿਖੇ 24-28 ਦਸੰਬਰ, 2012 ਨੂੰ ਹੋਈ **Senior National Cycling Championship (Men & Women)** ਵਿਚ ਯੂਨੀਵਰਸਿਟੀ ਨੇ ਇਕ ਗੋਲਡ ਮੈਡਲ ਅਤੇ ਤਿੰਨ ਬ੍ਰਾਂਜ਼ ਮੈਡਲ ਜਿੱਤੇ। ਭੁਬਨੇਸ਼ਵਰ ਵਿਖੇ 25-30 ਦਸੰਬਰ, 2012 ਨੂੰ ਹੋਈ Senior National Softball Championship ਵਿਚ ਪੰਜਾਬ ਮਰਦਾਂ ਦੀ ਟੀਮ ਨੇ ਪਹਿਲਾ ਅਤੇ ਔਰਤਾਂ ਦੀ ਟੀਮ ਨੇ ਦੂਜਾ ਸਥਾਨ ਪ੍ਰਾਪਤ ਕੀਤਾ, ਜਿਸ ਵਿਚ ਯੂਨੀਵਰਸਿਟੀ ਦੇ 8 ਲੜਕੇ ਅਤੇ 4 ਲੜਕੀਆਂ ਸ਼ਾਮਿਲ ਸਨ।

(ੲ) ਯੂਨੀਵਰਸਿਟੀ ਦੀਆਂ ਸਾਫਟਬਾਲ (ਔਰਤਾਂ); ਆਰਟਿਸਟਿਕ ਜਿਮਨਾਸਟਿਕ(ਔਰਤਾਂ); ਅਤੇ ਖੋ-ਖੋ (ਔਰਤਾਂ) ਦੀਆਂ ਟੀਮਾਂ ਆਲ ਇੰਡੀਆ ਅੰਤਰ-ਯੂਨੀਵਰਸਿਟੀ ਮੁਕਾਬਲਿਆਂ ਵਿਚ ਚੈਂਪੀਅਨ ਰਹੀਆਂ।ਬਾਡੀ ਬਿਲਡਿੰਗ (ਮਰਦ) ਪ੍ਰਤੀਯੋਗਤਾ ਵਿਚ ਯੂਨੀਵਰਸਿਟੀ ਓਵਰਆਲ ਚੈਂਪੀਅਨ ਬਣੀ। ਆਰਚਰੀ (ਮਰਦ ਅਤੇ ਔਰਤਾਂ) ਟੀਮਾਂ ਨੇ ਕੁਲ 18 ਗੋਲਡ, 15 ਸਿਲਵਰ, 5 ਬ੍ਰਾਂਜ਼ ਅਤੇ ਇਕ ਚੌਥੀ ਪੁਜੀਸ਼ਨ ਹਾਸਲ ਕੀਤੀ; ਐਥਲੈਟਿਕਸ ਚੈਂਪੀਅਨਸ਼ਿਪ ਵਿਚ 4 ਗੋਲਡ ਅਤੇ ਇਕ ਬ੍ਰਾਂਜ਼ ਮੈਡਲ ਪ੍ਰਾਪਤ ਕੀਤੇ। ਸਵੀਮਿੰਗ ਚੈਂਪੀਅਨਸ਼ਿਪ (ਮਰਦਾਂ) ਵਿਚ ਯੂਨੀਵਰਸਿਟੀ ਨੇ ਇਕ ਸਿਲਵਰ ਅਤੇ ਇਕ ਬ੍ਰਾਂਜ਼ ਮੈਡਲ ਹਾਸਲ ਕੀਤਾ; ਤਾਈਕਵਾਂਡੋ (ਮਰਦਾਂ) ਵਿਚ ਇਕ ਗੋਲਡ ਅਤੇ ਰੈਸਲਿੰਗ (ਮਰਦਾਂ) ਵਿਚ ਇਕ ਸਿਲਵਰ ਮੈਡਲ ਹਾਸਲ ਕੀਤਾ।

5. ਯੂਨੀਵਰਸਿਟੀ ਦੇ ਪਲੇਸਮੈਂਟ ਵਿਭਾਗ ਦੇ ਯਤਨਾਂ ਸਦਕਾ ਪ੍ਰਮੁੱਖ ਨੈਸ਼ਨਲ ਅਤੇ ਮਲਟੀਨੈਸ਼ਨਲ ਆਈ.ਟੀ. ਅਤੇ ਹੋਰ ਕੰਪਨੀਆਂ ਦੁਆਰਾ ਹੁਣ ਤੱਕ ਯੂਨੀਵਰਸਿਟੀ ਦੇ ਤਿੰਨਾਂ ਕੈਂਪਸਾਂ ਦੇ ਬੈਚ-2013 ਦੇ 363 ਵਿਦਿਆਰਥੀਆਂ ਦੀ ਪਲੇਸਮੈਂਟ ਹੋ ਚੁੱਕੀ ਹੈ।

6. ਯੂਨੀਵਰਸਿਟੀ ਦੇ ਆਲ ਇੰਡੀਆ ਸਰਵਿਸਿਜ਼ ਪ੍ਰੀ-ਐਗਜ਼ਾਮੀਨੇਸ਼ਨਜ਼ ਟ੍ਰੇਨਿੰਗ ਸੈਂਟਰ ਅਤੇ ਸੈਂਟਰ ਆਫ਼ ਪ੍ਰੈਪਰੇਸ਼ਨ ਫ਼ਾਰ ਕੰਪੀਟਿਟਿਵ ਐਗਜ਼ਾਮੀਨੇਸ਼ਨਜ਼ ਦੇ 9 ਵਿਦਿਆਰਥੀਆਂ ਨੇ ਪੰਜਾਬ ਸਿਵਲ ਸਰਵਿਸਿਜ਼ ਦੀ ਮੁੱਢਲੀ ਪ੍ਰੀਖਿਆ ਵਿਚ ਸਫ਼ਲਤਾ ਹਾਸਿਲ ਕੀਤੀ ਹੈ।ਇਸ ਤੋਂ ਇਲਾਵਾ **UGC** ਦਾ ਜੂਨ, 2012 ਵਿਚ ਹੋਇਆ **JRF/NET** ਦਾ ਟੈਸਟ, ਇਸ ਸੈਂਟਰ ਦੇ 12 ਵਿਦਿਆਰਥੀਆਂ ਨੇ ਪਾਸ ਕੀਤਾ।

7. ਕੈਨੇਡਾ ਤੋਂ **Premier of Monitoba, Mr. Greg Selinger** ਦੀ ਅਗਵਾਈ ਹੇਠ 20 ਮੈਂਬਰੀ ਡੇਲੀਗੇਟ ਨੇ ਫਰਵਰੀ 1, 2013 ਨੂੰ ਯੂਨੀਵਰਸਿਟੀ ਦਾ ਦੌਰਾ ਕੀਤਾ। ਉਨ੍ਹਾਂ ਨੇ ਯੂਨੀਵਰਸਿਟੀ ਨਾਲ ਅਕਾਦਮਿਕ ਅਤੇ ਖੋਜ ਦੇ ਖੇਤਰ ਵਿਚ ਆਦਾਨ-ਪ੍ਰਦਾਨ ਦੀਆਂ ਸੰਭਾਵਨਾਵਾਂ ਸੰਬੰਧੀ ਵਿਚਾਰ-ਵਟਾਂਦਰਾ ਕੀਤਾ।

8. ਯੂਨੀਵਰਸਿਟੀ ਦੇ ਸਕੂਲ ਆਫ ਸੋਸ਼ਲ ਸਾਇੰਸਜ਼; ਕੈਮਿਸਟਰੀ ਵਿਭਾਗ; ਸੰਸਕ੍ਰਿਤ, ਪਾਲੀ ਅਤੇ ਪ੍ਰਾਕ੍ਰਿਤ ਵਿਭਾਗ; ਹਿਊਮਨ ਜੈਨੇਟਿਕਸ ਵਿਭਾਗ; ਹਿਸਟਰੀ ਵਿਭਾਗ; ਪੰਜਾਬ ਸਕੂਲ ਆਫ਼ ਇਕਨਾਮਿਕਸ; ਹਿੰਦੀ ਵਿਭਾਗ; ਗੁਰੂ ਨਾਨਕ ਅਧਿਐਨ ਵਿਭਾਗ; ਕਾਨੂੰਨ ਵਿਭਾਗ; ਪੰਜਾਬੀ ਅਧਿਐਨ ਸਕੂਲ; ਬੁਟਾਨੀਕਲ ਐਂਡ ਇਨਵਾਇਰਨਮੈਨਟਲ ਸਾਇੰਸਜ਼ ਵਿਭਾਗ; ਭਾਈ ਗੁਰਦਾਸ ਲਾਇਬ੍ਰੇਰੀ;

ਸੈਂਟਰ ਆਨ ਸਟੱਡੀਜ਼ ਇਨ ਗੁਰੂ ਗ੍ਰੰਥ ਸਾਹਿਬ ਅਤੇ ਬਾਇਓਟੈਕਨਾਲੋਜੀ ਵਿਭਾਗ ਵੱਲੋਂ ਸਤੰਬਰ 2012 ਤੋਂ ਹੁਣ ਤੱਕ ਵੱਖ-ਵੱਖ ਵਿਸ਼ਿਆਂ 'ਤੇ ਵਰਕਸ਼ਾਪ/ਸੈਮੀਨਾਰ/ਕਾਨਫ੍ਰੰਸ ਆਯੋਜਿਤ ਕੀਤੇ ਗਏ।

9. ਯੂਨੀਵਰਸਿਟੀ ਦੇ ਬੁਟਾਨੀਕਲ ਐਂਡ ਇਨਵਾਇਰਨਮੈਂਟਲ ਸਾਇੰਸਜ਼ ਵਿਭਾਗ ਵੱਲੋਂ 9 ਜਨਵਰੀ ਨੂੰ **ਸਰਦਾਰ ਬਿਸ਼ਨ ਸਿੰਘ ਸਮੁੰਦਰੀ ਮੈਮੋਰੀਅਲ ਲੈਕਚਰ** ਆਯੋਜਿਤ ਕੀਤਾ ਗਿਆ।

10. ਪੰਜਾਬੀ ਅਧਿਐਨ ਸਕੂਲ ਵੱਲੋਂ 27 ਫਰਵਰੀ ਨੂੰ **ਪਰਮਜੀਤ ਸਿੰਘ ਵਾਲੀਆ ਯਾਦਗਾਰੀ ਭਾਸ਼ਨ** ਆਯੋਜਿਤ ਕੀਤਾ ਗਿਆ। ਇਸ ਤੋਂ ਇਲਾਵਾ ਇਸ ਵਿਭਾਗ ਵੱਲੋਂ 28 ਫਰਵਰੀ ਨੂੰ **ਸਰਦਾਰਨੀ ਬਲਬੀਰ ਕੌਰ ਬਰਾੜ ਮੈਮੋਰੀਅਲ ਲੈਕਚਰ** ਵੀ ਕਰਵਾਇਆ ਗਿਆ।

11. ਯੂਨੀਵਰਸਿਟੀ ਦੇ ਹਿਊਮਨ ਜੈਨਿਟਕਸ ਵਿਭਾਗ ਵੱਲੋਂ 16 ਜਨਵਰੀ ਨੂੰ Plastic Surgery of the Eye: Its Psychosocial Impact ਵਿਸ਼ੇ ‘ਤੇ ਲੈਕਚਰ ਆਯੋਜਿਤ ਕੀਤਾ ਗਿਆ। ਇਹ ਲੈਕਚਰ Dr. Sameera Irfan, Lahore ਨੇ ਦਿੱਤਾ।

12. ਯੂਨੀਵਰਸਿਟੀ ਦੇ ਪੰਜਾਬ ਸਕੂਲ ਆਫ਼ ਇਕਨਾਮਿਕਸ ਵੱਲੋਂ Securities and Exchange Board of India (SEBI) ਦੇ ਸਹਿਯੋਗ ਨਾਲ 21 ਜਨਵਰੀ ਨੂੰ **Opportunities in Financial Markets and Investor Awareness** ਵਿਸ਼ੇ ‘ਤੇ Seminar-cum interactive lecture ਆਯੋਜਿਤ ਕੀਤਾ ਗਿਆ।

13. ਸ਼੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਕੇਂਦਰ ਵੱਲੋਂ ਮਿਤੀ 18 ਅਕਤੂਬਰ ਨੂੰ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾ ਗੱਦੀ ਦਿਵਸ ਨੂੰ ਸਮਰਪਿਤ ਸਮਾਗਮ ਕਰਵਾਇਆ ਗਿਆ।

14. ਯੂਨੀਵਰਸਿਟੀ ਦੀ ਭਾਈ ਗੁਰਦਾਸ ਲਾਇਬ੍ਰੇਰੀ ਵੱਲੋਂ 15-16 ਫਰਵਰੀ ਨੂੰ ਪੁਸਤਕ ਪ੍ਰਦਰਸ਼ਨੀ ਲਗਾਈ ਗਈ।

15. ਹਿਊਮਨ ਜੈਨੇਟਿਕਸ ਵਿਭਾਗ ਵੱਲੋਂ ਅੱਖਾਂ ਦੇ ਵਿਸ਼ਵ ਪ੍ਰਸਿੱਧ ਮਾਹਿਰ Dr. Richard J. Fugo, Director, Eye Institute, Pennsylvania, USA ਜਿਨ੍ਹਾਂ ਨੇ Fugo Blade ਦੀ ਖੋਜ ਕੀਤੀ, ਦਾ ਮਿਤੀ 5 ਦਸੰਬਰ, 2012 ਨੂੰ **Invention of Fugo Blade and Its Applications** ਵਿਸ਼ੇ ਤੇ ਲੈਕਚਰ ਕਰਵਾਇਆ ਗਿਆ।

16. ਕੈਮਿਸਟਰੀ ਵਿਭਾਗ ਦੇ ਪ੍ਰੋਫੈਸਰ ਟੀ. ਐਸ. ਲੁਬਾਣਾ ਨੂੰ ਯੂ.ਕੇ. ਦੀ The Royal Society of Chemistry ਵੱਲੋਂ ਉਨ੍ਹਾਂ ਦੇ ਕੈਮਿਸਟਰੀ ਦੇ ਖੇਤਰ ਵਿਚ ਪਾਏ ਯੋਗਦਾਨ ਲਈ ਸਨਮਾਨਿਤ ਕੀਤਾ ਗਿਆ ਅਤੇ ਸੁਸਾਇਟੀ ਦੀ ਮੈਂਬਰਸ਼ਿਪ ਵੀ ਪ੍ਰਦਾਨ ਕੀਤੀ ਗਈ।

17. ਡਾ. ਪ੍ਰਤਾਪ ਕੁਮਾਰ ਪਾਤੀ, ਐਸੋਸੀਏਟ ਪ੍ਰੋਫੈਸਰ, ਬਾਇਓਟੈਕਨਾਲੋਜੀ ਵਿਭਾਗ ਨੂੰ Indian National Science Academy ਵੱਲੋਂ **INSA Teachers Award-2**012 ਲਈ ਚੁਣਿਆ ਗਿਆ ਹੈ।

18. Association of Food Scientist and Technologists ਵੱਲੋਂ ਪ੍ਰੋਫੈਸਰ ਨਰਪਿੰਦਰ ਸਿੰਘ, ਫੂਡ ਸਾਇੰਸ ਅਤੇ ਟੈਕਨਾਲੋਜੀ ਵਿਭਾਗ ਨੂੰ **AFST Fello Award -** 2011 ਲਈ ਚੁਣਿਆ ਗਿਆ ਹੈ।

19. ਬੁਟਾਨੀਕਲ ਅਤੇ ਇਨਵਾਰਿਨਮੈਂਟਲ ਸਾਇੰਸਜ਼ ਵਿਭਾਗ ਦੀ ਪ੍ਰੋਫੈਸਰ ਰੇਨੂੰ ਭਾਰਦਵਾਜ ਨੂੰ National Environmental Science Academy, New Delhi ਵੱਲੋਂ **Felloship Award 2012** ਪ੍ਰਦਾਨ ਕੀਤਾ ਗਿਆ।

20. ਪ੍ਰੋਫੈਸਰ ਬੀ.ਐਸ. ਚੱਢਾ, ਮਾਈਕ੍ਰੋਬਾਇਓਲੋਜੀ ਵਿਭਾਗ ਨੂੰ American Society for Microbiology(ASM) ਵੱਲੋਂ ਸਾਲ 2013 ਲਈ **Research Professorship Award** ਪ੍ਰਦਾਨ ਕੀਤਾ ਗਿਆ ਹੈ। ਇਹ ਅਵਾਰਡ ਭਾਰਤ ਦੇ ਕੇਵਲ ਚਾਰ ਸਾਇੰਸਦਾਨਾਂ ਨੂੰ ਮਿਲਿਆ ਹੈ।

21. ਫਾਰਮਾਸਿਊਟੀਕਲ ਸਾਇੰਸਜ਼ ਵਿਭਾਗ ਦੇ ਡਾ. ਸੁਭੀਤ ਜੈਨ ਨੂੰ Science & Engineering Research Board, New Delhi ਵੱਲੋਂ **Development and Characterization of Carrier Based Nanogel Formulation for Skin Targeting of 5-FU** ਵਿਸ਼ੇ 'ਤੇ ਖੋਜ ਪ੍ਰਾਜੈਕਟ ਉਪਰ ਕੰਮ ਕਰਨ ਲਈ 17 ਲੱਖ ਰੁਪਏ ਦੀ ਗ੍ਰਾਂਟ ਮਨਜ਼ੂਰ ਹੋਈ ਹੈ। ਉਨ੍ਹਾਂ ਨੂੰ ਇੰਡੀਅਨ ਇੰਟਰਨੈਸ਼ਨਲ ਫਰੈਂਡਸ਼ਿਪ ਸੁਸਾਇਟੀ, ਨਵੀਂ ਦਿੱਲੀ ਵੱਲੋਂ ਭਾਰਤ ਜੋਤੀ ਐਵਾਰਡ ਲਈ ਵੀ ਚੁਣਿਆ ਗਿਆ ਹੈ।

22. ਯੂਨੀਵਰਸਿਟੀ ਦੀ ਫੈਕਲਟੀ ਆਫ਼ ਸਪੋਰਟਸ ਮੈਡੀਸਨ ਐਂਡ ਫਿਜ਼ੀਓਥਰਾਪੀ ਦੇ ਡੀਨ, ਪ੍ਰੋਫੈਸਰ ਜਸਪਾਲ ਸਿੰਘ ਸੰਧੂ ਨੇ **Football Medicine Regional Course** ਸੰਬੰਧੀ 14-18 ਜਨਵਰੀ ਨੂੰ ਨਵੀਂ ਦਿੱਲੀ ਵਿਖੇ ਹੋਏ ਚਾਰ ਦਿਨਾ ਸੈਮੀਨਾਰ ਵਿਚ Stem Cell Therapy, Tendinopathies and Young Soccer Player's injuries ਵਿਸ਼ੇ 'ਤੇ ਆਪਣਾ ਖੋਜ-ਪੱਤਰ ਪੇਸ਼ ਕੀਤਾ। ਇਸ ਤੋਂ ਇਲਾਵਾ ਪ੍ਰੋਫੈਸਰ ਸੰਧੂ ਨੇ ਮਸਕਟ ਵਿਖੇ 26-28 ਫਰਵਰੀ ਨੂੰ ਹੋਈ **ਓਮਾਨ ਇੰਟਰਨੈਸ਼ਨਲ ਸਪੋਰਟਸ ਮੈਡੀਸਨ ਕਾਂਗਰਸ** ਵਿਚ ਇਕ ਵਿਸ਼ੇਸ਼ ਸੈਸ਼ਨ ਦੀ ਪ੍ਰਧਾਨਗੀ ਕੀਤੀ ਅਤੇ ਇਕ ਇਨਵਾਇਟਡ ਲੈਕਚਰ ਦਿੱਤਾ।

23. ਪ੍ਰੋਫੈਸਰ ਵਿਕਰਮ ਚੱਢਾ, ਮੁਖੀ ਪੰਜਾਬ ਸਕੂਲ ਆਫ ਇਕਨਾਮਿਕਸ ਨੇ ਮਿਤੀ 18 ਤੋਂ 21 ਨਵੰਬਰ ਨੂੰ ਇੰਡੋਨੇਸ਼ੀਆ ਵਿਖੇ ਹੋਈ ਇੰਡੀਅਨ ਇੰਸੀਚਿਊਟ ਆਫ ਮੈਨੇਜਮੈਂਟ ਦੀ ਅੰਤਰ-ਰਾਸ਼ਟਰੀ ਕਾਨਫਰੰਸ ਦੌਰਾਨ ਪ੍ਰਬੰਧਕੀ ਵਿਕਾਸ ਨੂੰ ਦਰਪੇਸ਼ ਚੁਣੌਤੀਆਂ ਵਿਸ਼ੇ 'ਤੇ ਖੋਜ ਪਰਚਾ ਪੇਸ਼ ਕੀਤਾ।

24. ਡਾ. ਨਰਪਿੰਦਰ ਸਿੰਘ, ਪ੍ਰੋਫੈਸਰ, ਫੂਡ ਸਾਇੰਸ ਐਂਡ ਟੈਕਨਾਲੋਜੀ ਵਿਭਾਗ ਨੂੰ Agricultural Research and Development ਲਈ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ , ਲੁਧਿਆਣਾ ਵੱਲੋਂ **Certificate of Appreciation** ਦਿੱਤਾ ਗਿਆ ਹੈ।

25. ਭਾਈ ਗੁਰਦਾਸ ਲਾਇਬ੍ਰੇਰੀ ਦੇ ਮੁਖੀ, ਡਾ. ਐਚ.ਐਸ. ਚੋਪੜਾ ਨੂੰ Department of Cultural Affairs & Archives, Punjab ਦੀ **State Level Screening Committee** ਦਾ ਤਿੰਨ ਸਾਲ ਲਈ ਮੈਂਬਰ ਨਾਮਜ਼ਦ ਕੀਤਾ ਗਿਆ ਹੈ।

26. ਪੰਜਾਬੀ ਅਧਿਐਨ ਸਕੂਲ ਦੀ ਪ੍ਰੋਫੈਸਰ ਰਮਿੰਦਰ ਕੌਰ ਨੂੰ ਭਾਰਤੀ ਸਾਹਿਤ ਅਕਾਦਮੀ, ਨਵੀਂ ਦਿੱਲੀ ਦੀ ਜਨਰਲ ਕੌਂਸਲ ਦਾ ਪੰਜ ਸਾਲ ਲਈ ਮੈਂਬਰ ਨਿਯੁਕਤ ਕੀਤਾ ਗਿਆ ਹੈ।

27. ਡਾ. ਸੁਖਦੇਵ ਸਿੰਘ, ਮੁਖੀ, ਫ਼ਿਜੀਕਲ ਐਜੂਕੇਸ਼ਨ ਵਿਭਾਗ ਨੇ ਮਿਤੀ 2 ਨਵੰਬਰ ਤੋਂ 7 ਨਵੰਬਰ ਨੂੰ ਚੀਨ ਵਿਖੇ ਹੋਈ 17ਵੀਂ ਏਸ਼ੀਆ ਮਾਸਟਰਜ਼ ਅਥਲੈਟਿਕਸ ਪ੍ਰਤੀਯੋਗਤਾ ਟ੍ਰਿਪਲ ਜੰਪ ਵਿਚ ਹਿੱਸਾ ਲਿਆ ਅਤੇ ਚੌਥੀ ਵਾਰ ਗੋਲਡ ਮੈਡਲ ਜਿੱਤਿਆ।

28. 28 ਫਰਵਰੀ ਤੋਂ 3 ਮਾਰਚ ਤੱਕ ਯੂਨੀਵਰਸਿਟੀ ਵੱਲੋਂ ਅੰਤਰ-ਵਿਭਾਗੀ ਕਲਾ ਅਤੇ ਸਭਿਆਚਾਰਕ ਮੁਕਾਬਲਿਆਂ ਦਾ ਪ੍ਰੋਗਰਾਮ **ਜਸ਼ਨ**-2013 ਆਯੋਜਿਤ ਕੀਤਾ ਗਿਆ।

29. ਅਕਾਦਮਿਕ ਸਟਾਫ਼ ਕਾਲਜ ਵੱਲੋਂ ਮਿਤੀ 23-25 ਅਕਤੂਬਰ ਨੂੰ ਗੁਰੂ ਅਮਰਦਾਸ ਟੀਚਰਜ਼ ਹੋਲੀਡੇ ਹੋਮ, ਡਲਹੋਜ਼ੀ ਵਿਖੇ **ਪ੍ਰਿੰਸੀਪਲਜ਼ ਮੀਟ** ਕਰਵਾਈ ਗਈ। ਇਸ ਤੋਂ ਇਲਾਵਾ 27 ਫਰਵਰੀ ਤੋਂ 26 ਮਾਰਚ ਤੱਕ ਯੂਨੀਵਰਸਿਟੀ ਵਿਖੇ **ਜਨਰਲ ਓਰੀਐਂਟੇਸ਼ਨ ਕੋਰਸ**-90 ਆਯੋਜਿਤ ਕੀਤਾ ਗਿਆ ਹੈ।

30. ਯੂਨੀਵਰਸਿਟੀ ਦੇ ਐਨ.ਐਸ.ਐਸ. ਯੂਨਿਟ-1 ਦੇ ਪ੍ਰੋਗਰਾਮ ਅਫ਼ਸਰ ਪ੍ਰੋਫੈਸਰ ਜਸਪਾਲ ਸਿੰਘ; ਅਤੇ ਯੂਨਿਟ-2 ਦੇ ਪ੍ਰੋਗਰਾਮ ਅਫ਼ਸਰ, ਡਾ. ਬਿਮਲਦੀਪ ਸਿੰਘ ਦੀ ਨਿਗਰਾਨੀ ਹੇਠ ਗੁਰੂ ਨਾਨਕ ਦੇਵ ਹਸਪਤਾਲ ਦੇ ਬਲੱਡ ਬੈਂਕ ਦੇ ਸਹਿਯੋਗ ਨਾਲ 21 ਫਰਵਰੀ ਨੂੰ ਖ਼ੂਨਦਾਨ ਕੈਂਪ ਲਗਾਇਆ ਗਿਆ, ਜਿਸ ਵਿਚ 169 ਯੂਨਿਟ ਖ਼ੂਨ ਦਾਨ ਕੀਤਾ ਗਿਆ।

**ਸੈਨੇਟ ਨੇ ਯੂਨੀਵਰਸਿਟੀ ਵਿਖੇ ਚੱਲ ਰਹੀਆਂ ਉਕਤ ਵੱਖ-ਵੱਖ ਗਤੀਵਿਧੀਆਂ 'ਤੇ ਤਸੱਲੀ ਦਾ ਪ੍ਰਗਟਾਵਾ ਕੀਤਾ।**

**ਸਬੰਧਤ ਕਾਲਜਾਂ ਵਿਖੇ ਨਵੀਆਂ ਕਲਾਸਾਂ/ ਕੋਰਸ ਸ਼ੁਰੂ ਕਰਨ, ਕਾਲਜਾਂ ਨੂੰ ਪੱਕੀ ਸਬੰਧਤਾ, ਕੋਰਸ ਬੰਦ ਕਰਨ ਦੀ ਪਰਵਾਨਗੀ।**

6. ਸਿੰਡੀਕੇਟ ਦੀਆਂ ਹੇਠ ਲਿਖੀਆਂ ਸਿਫ਼ਾਰਸ਼ਾਂ 'ਤੇ ਵਿਚਾਰ ਹੋਈ ਕਿ:-

(i) 'Centre for Distance Education' ਦਾ ਨਾਂ ਬਦਲ ਕੇ 'Centre for Capacity Enhancement Programme' ਕਰਨ ਦੀ ਪਰਵਾਨਗੀ ਦਿੱਤੀ ਜਾਵੇ।

(ਸਿੰਡੀਕੇਟ ਪੈਰਾ 35 ਮਿਤੀ 26.12.2012)

(ii) ਅਪਲਾਈਡ ਕੈਮੀਕਲ ਸਾਇੰਸਜ਼ ਵਿਭਾਗ, ਫੂਡ ਸਾਇੰਸ ਤੇ ਟੈਕਨਾਲੋਜੀ ਵਿਭਾਗ, ਅਪਲਾਈਡ ਸਾਇੰਸਜ਼ ਫੈਕਲਟੀ ਨੂੰ ਸਾਇੰਸਜ਼ ਫੈਕਲਟੀ ਵਿਚ ਅਤੇ ਫਾਰਮਾਸਿਊਟੀਕਲ ਸਾਇੰਸਜ਼ ਵਿਭਾਗ ਨੂੰ ਲਾਈਫ ਸਾਇੰਸਜ਼ ਫੈਕਲਟੀ ਵਿਚ ਮਿਤੀ 1.4.2013 ਤੋਂ merge ਕਰਨ ਦੀ ਪਰਵਾਨਗੀ ਦਿੱਤੀ ਜਾਵੇ।

(ਸਿੰਡੀਕੇਟ ਪੈਰਾ 22 ਮਿਤੀ 13.3.2013)

(iii) (ੳ) ਟਰਿਨਿਟੀ ਕਾਲਜ , ਜਲੰਧਰ ਨੂੰ ਪੱਕੀ ਸਬੰਧਤਾ ਪਰਦਾਨ ਕੀਤੀ ਜਾਵੇ।
(ਅ)ਐਸ.ਐਮ.ਡੀ. ਆਰ. ਐਸ. ਡੀ. ਕਾਲਜ ਆਫ ਐਜੂਕੇਸ਼ਨ, ਪਠਾਨਕੋਟ ਨੂੰ ਪੱਕੀ ਸਬੰਧਤਾ ਪਰਦਾਨ ਕੀਤੀ ਜਾਵੇ।
(ੲ)ਹਿੰਦੂ ਕੰਨਿਆ ਕਾਲਜ, ਕਪੂਰਥਲਾ ਨੂੰ ਐਮ.ਐਸ.ਸੀ(ਆਈ.ਟੀ.) ਕੋਰਸ ਦੀ ਪੱਕੀ ਸਬੰਧਤਾ ਪਰਦਾਨ ਕੀਤੀ ਜਾਵੇ।

(ਸਿੰਡੀਕੇਟ ਪੈਰਾ 23 ਮਿਤੀ 13.3.2013)

(iv) ਸੈਸ਼ਨ 2012-13 ਤੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਚੁੰਘ (ਤਰਨ-ਤਾਰਨ) ਵਿਖੇ ਬੀ.ਏ. ਭਾਗ ਪਹਿਲਾ ਵਿਚ ਸੋਸ਼ਿਆਲੋਜੀ ਵਿਸ਼ਾ ਸ਼ੁਰੂ ਕਰਨ ਦੀ ਪਰਵਾਨਗੀ ਦਿੱਤੀ ਜਾਵੇ।

(ਸਿੰਡੀਕੇਟ ਪੈਰਾ 26 ਮਿਤੀ 13.3.2013)

(v) ਖਾਲਸਾ ਕਾਲਜ ਆਫ਼ ਫਿਜ਼ੀਕਲ ਐਜੂਕੇਸ਼ਨ, ਹੇਰ (ਅੰਮ੍ਰਿਤਸਰ) ਵਿਖੇ ਸੈਸ਼ਨ 2012-13 ਤੋਂ ਬੀ.ਪੀ.ਈ.(ਤਿੰਨ ਸਾਲਾ ਕੋਰਸ) ਵਿਚ ਦਾਖਲਾ ਕਰਨ ਦੀ ਪਰਵਾਨਗੀ ਦਿੱਤੀ ਜਾਵੇ।

(ਸਿੰਡੀਕੇਟ ਪੈਰਾ 27 ਮਿਤੀ 13.3.2013)

(vi) ਯੂਨੀਵਰਸਿਟੀ ਵੱਲੋ ਸੈਸ਼ਨ 2012-13 ਤੋਂ **ਅੰਤਿਕਾ** ਅਨੁਸਾਰ ਨਵੇ ਕਾਲਜਾਂ ਨੂੰ (ਕੋਰਸਾਂ ਸਮੇਤ) ਆਰਜ਼ੀ ਸਬੰਧਤਾ ਦਿੱਤੀ ਜਾਵੇ।

(ਸਿੰਡੀਕੇਟ ਪੈਰਾ 32(4(i)) ਮਿਤੀ 13.3.2013)

(vii) ਸੈਸ਼ਨ 2012-13 ਤੋਂ ਯੂਨੀਵਰਸਿਟੀ ਨਾਲ ਸਬੰਧਤ ਕਾਲਜਾਂ ਨੂੰ **ਅੰਤਿਕਾ** ਅਨੁਸਾਰ ਨਵੇਂ ਵਿਸ਼ੇ/ਕਲਾਸਾਂ/ਕੋਰਸਾਂ ਦੀ ਆਰਜੀ ਸਬੰਧਤਾ ਦਿੱਤੀ ਜਾਵੇ।

(ਸਿੰਡੀਕੇਟ ਪੈਰਾ 32(4(ii)) ਮਿਤੀ 13.3.2013)

(viii) ਹੇਠ ਲਿਖੇ ਕਾਲਜਾਂ ਨੂੰ ਦਿੱਤੇ ਕੋਰਸਾਂ ਨੂੰ ਬੰਦ ਕਰਨ ਦੀ ਪਰਵਾਨਗੀ ਦਿੱਤੀ ਜਾਵੇ:-

| Sr. No. | Name of the College | Courses Name | From Session |
|---|---|---|---|
| 1. | R.R.M.K Arya Mahila Mahavidayala, Pathankot. | Elective Subject of Sanskrit & Fine Arts | 2012-13 |

| | | | |
|---|---|---|---|
| 2. | Shaheed Darshan Singh Pheruman Memorial College for Women, Rayya. (Amritsar) | (i) Religious Studies B.A. Part-I<br>(ii) B.A. Hindi Elective | 2013-14 |

(ਸਿੰਡੀਕੇਟ ਪੈਰਾ 32(5)ਮਿਤੀ 13.3.2013)

(ix) ਮੁੱਢਲੀ ਪੰਜਾਬੀ ਨੂੰ ਮੈਟ੍ਰਿਕ ਦੀ ਪੰਜਾਬੀ ਦੇ ਬਰਾਬਰ ਸਮਝਣ/ਦਰਜਾ ਦੇਣ ਦੀ ਪਰਵਾਨਗੀ ਦਿੱਤੀ ਜਾਵੇ ਤਾਂ ਜੋ ਇਨ੍ਹਾਂ ਵਿਦਿਆਰਥੀਆਂ ਨੂੰ ਪੰਜਾਬ ਵਿਚ ਨੌਕਰੀ ਲੈਣ ਸਮੇਂ ਇਸ ਦਾ ਲਾਭ ਹੋ ਸਕੇ।

(ਸਿੰਡੀਕੇਟ ਪੈਰਾ 32(6) ਮਿਤੀ 13.3.2013)

(x) ਯੂਨੀਵਰਸਿਟੀ ਕਾਲਜ, ਵੇਰਕਾ ਅੰਮ੍ਰਿਤਸਰ ਵਿਖੇ ਸੈਸ਼ਨ 2013-14 ਤੋਂ ਐਮ.ਐਸਸੀ. ਕੰਪਿਊਟਰ ਸਾਇੰਸ ਦੇ 30-30 ਸੀਟਾਂ ਦੇ ਦੋ ਗਰੁੱਪ/ਯੂਨਿਟ ਸ਼ੁਰੂ ਕਰਨ ਦੀ ਪਰਵਾਨਗੀ ਦਿੱਤੀ ਜਾਵੇ।

(ਸਿੰਡੀਕੇਟ ਪੈਰਾ 59 ਮਿਤੀ 13.3.2013)

**ਪਾਸ ਹੋਇਆ** ਕਿ ਸਿੰਡੀਕੇਟ ਦੀਆਂ ਉਕਤ ਸਿਫਾਰਸ਼ਾਂ ਪਰਵਾਨ ਕੀਤੀਆਂ ਜਾਂਦੀਆਂ ਹਨ।

ਧੰਨਵਾਦ ਦੇ ਮਤੇ ਨਾਲ ਇਕੱਤਰਤਾ ਸਮਾਪਤ ਹੋਈ।

(ਰਜਿੰਦਰਜੀਤ ਕੌਰ)
ਡੀਨ ਅਕਾਦਮਿਕ ਮਾਮਲੇ

<u>ਪੱਕੀ ਕੀਤੀ ਗਈ</u>

(ਅ.ਸ. ਬਰਾੜ)
ਉਪ-ਕੁਲਪਤੀ